
ਅਮਰਜੀਤ ਸਿੰਘ ਗਰੇਵਾਲ


ਡਾ. ਪ੍ਰਵੀਨ ਬੇਗਮ

# ਗੁਰਮੁਖੀ

ਹਫ਼ਤਾਵਾਰੀ ਅਖ਼ਬਾਰ


ਰੂਪ ਢਿੱਲੋਂ


ਸੰਦੀਪ ਸ਼ਰਮਾ

ਅੰਕ–190 ਐਤਵਾਰ 14 ਜੁਲਾਈ, 2024

ਬਾਨੀ ਸੰਪਾਦਕ- ਭਾਈ ਗੁਰਮੁਖ ਸਿੰਘ ਮਾਲਕ ਅਤੇ ਪਬਲਿਸ਼ਰ- ਪਰਵਿੰਦਰ ਕੌਰ ਧਾਲੀਵਾਲ


ਸੰਪਾਦਕੀ ਮੰਡਲ- ਰਾਜ ਸੰਧੂ, ਹਰਮਿੰਦਰ ਸਿੰਘ ਵਿਰਦੀ, ਸਿਮਰਤ ਸੁਮੈਰਾ, ਕੁਲਜੀਤ ਗ਼ਜ਼ਲ, ਸ਼ਾਲਿਨੀ ਦੱਤਾ, ਸੁਰਿੰਦਰ ਸਿਦਕ, ਅਮਰਜੀਤ ਸਿੰਘ ਕਸਕ, ਚਰਨ ਸਿੰਘ, ਜਸਵੀਰ ਸਿੰਘ ਉੱਭੀ 'ਅਜਨੋਹਾ'

*ਗੁਰਮੁਖੀ ਦੇ ਸਾਰੇ ਕਾਮੇ ਆਨਰੇਰੀ ਹਨ। ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।*


ਚਿੱਠੀ ਪੱਤਰ ਲਈ ਪਤਾ- ਮਾਰਫਤ ਬਸੰਤ ਸੁਹੇਲ ਪ੍ਰੈਸ, ਰਾਮਗੜ੍ਹੀਆ ਕਾਲਜ ਰੋਡ, ਸਤਨਾਮਪੁਰਾ, ਫਗਵਾੜਾ-144 401 ਸੰਪਰਕ 98725-65155 gurmukhi2020@gmail.com


# Creative Disruption Theory

A Framework for Understanding Societal Transformation Beyond Class Struggle and Economic Determinism



Amarjit Singh Grewal

The 21st century is witnessing a paradigm shift in the drivers of societal transformation. While traditional theories, like Marxism, emphasize class struggle and economic determinism, a new lens is needed. This proposed Creative Disruption Theory (CDT) places the innovative entrepreneur at the center stage, highlighting their role in driving change through disruptive ideas and ventures. This framework offers a more comprehensive and adaptable understanding of how societies evolve.

Limitations of Existing Theories

Marxist theory, for instance, focuses on economic factors as the primary driver of historical change. This framework simplifies complex societal dynamics by reducing them to a struggle between classes. Furthermore, it often overlooks the importance of social, political, and cultural forces in shaping historical trajectories. Additionally, Marxist theory presents a somewhat deterministic view of history, suggesting a preordained path towards a classless society. This deterministic approach undermines the potential for human agency and alternative models of societal transformation.

The Innovative Entrepreneur as the Engine of Change

CDT challenges the limitations of existing theories by emphasizing the crucial role of innovative entrepreneurs. These individuals, armed with creativity, risk-taking, and a drive to challenge the status quo, are the engines propelling societal transformation. Here are some core principles of CDT:

Innovation as the Catalyst: New ideas, products, services, and processes act as catalysts for transformative change.

The Power of Entrepreneurs: Innovative entrepreneurs play a vital role in shaping the future by bringing these innovations to life.

Disruption and Opportunity: Innovation disrupts existing power structures and social arrangements, creating new opportunities for progress.

Adaptability and Ingenuity: The ability to embrace change and generate new solutions is vital for navigating disruptive transitions.

Advantages of Creative Disruption Theory

CDT provides a more comprehensive and adaptable framework for understanding societal transformation compared to existing theories:

Comprehensiveness: CDT incorporates social, political, and cultural factors alongside economic ones, offering a more holistic perspective.

Flexibility: The theory allows for multiple paths and outcomes, recognizing that change is not predetermined.

Inclusiveness: It considers diverse innovations and entrepreneurs beyond class struggle, encompassing a broader range of societal forces.

Innovation as a Solution to 21st Century Challenges

CDT offers valuable tools for addressing some of the most pressing societal challenges of our time:

Environmental-Sustainability: Technological innovation in clean energy, green technologies, and sustainable practices is key to tackling climate change. Entrepreneurs are developing solutions that disrupt traditional energy models and promote environmental responsibility.

Economic Inequality: Innovative ventures can create new economic opportunities, fostering a more equitable economic landscape. For example, social entrepreneurs are creating businesses that address issues like poverty and lack of access to essential services.

Technological Disruption: CDT encourages a focus on adaptability and continuous learning to navigate rapid technological advancements effectively. Entrepreneurs can disrupt existing industries and create new opportunities through innovation in areas like artificial intelligence and automation.

Social Equity: Social innovation can address issues like access to education and healthcare, promoting more inclusive societies. Entrepreneurs are developing innovative solutions to bridge gaps and empower marginalized communities.

Political Stability: Innovation and entrepreneurship can contribute to political stability by creating economic growth and fostering a sense of agency among citizens. When citizens have access to opportunities and can participate in the innovation economy, it can lead to a more stable and prosperous society.

The Struggle Between Tech Titans and Tech Entrepreneurs

The landscape of innovation is not without its challenges. While many innovative entrepreneurs are driving positive societal change, a growing concern is the emergence of powerful "Tech Lords" who prioritize consolidation and self-interest over innovation for the greater good. This struggle between Tech Lords and Tech Entrepreneurs highlights the importance of fostering an environment that encourages responsible innovation and prevents monopolies. Policies that promote competition and support a diverse ecosystem of innovative ventures can help ensure that technological advancements benefit society as a whole.

The Theoretical Framework of CDT

Understanding these key concepts is crucial for applying CDT:

Innovation: Creation of new ideas, products, services, or processes. This encompasses various forms like technological, social, and business model innovation.

Entrepreneurship: The act of launching and running new ventures, often characterized by risk-taking, creativity, and adaptability.

Disruptive Change: The transformation of industries and societies brought about by innovation. This can lead to the replacement of existing structures.

Creative Destruction: The process where new innovations replace and render obsolete existing ones, driving further change.

Adaptive Capacity: The ability of individuals and societies to respond effectively to changing circumstances.

Innovation Ecosystems: Networks of institutions and individuals that support innovation and entrepreneurship. These can include governments, universities, startups, corporations, and supporting infrastructure.

CDT: A Framework for Action

Creative Disruption Theory (CDT) has practical implications for individuals and policymakers seeking to foster positive societal change through innovation:

Supporting Innovative Ventures: Policies and strategies that encourage startups, research and development, and access to capital are crucial for nurturing a thriving ecosystem of innovative entrepreneurs.

Decentralization and Democratization: Empowering individuals and communities to participate in the innovation process can lead to more inclusive and democratic societies. This can be achieved through initiatives that promote STEM education, maker spaces, and access to technology for all.

Focus on Human Agency: CDT recognizes the power of individuals and communities to shape their future through innovation. Government and community programs that support skill development, encourage risk-taking, and celebrate innovation can empower citizens to be active participants in societal change.

Interdisciplinary Approach: Integrating insights from various disciplines, such as science, technology, engineering, economics, and social sciences, is crucial for developing comprehensive solutions to complex challenges. Fostering collaboration between diverse stakeholders can lead to more effective and impactful innovations.

Conclusion

Creative Disruption Theory offers a nuanced view of societal change, highlighting the transformative power of innovative entrepreneurs. By recognizing their crucial role in disrupting existing structures and creating new opportunities, CDT provides a valuable framework for navigating societal transformation in the 21st century. However, the potential for innovation to be stifled by powerful Tech Lords necessitates fostering an environment that promotes responsible innovation and empowers a diverse range of entrepreneurs. By harnessing the power of human ingenuity and fostering a supportive ecosystem for innovation, CDT can be a powerful tool for building a more sustainable, equitable, and prosperous future for all.

# ਪਿੰਡ ਤਾਂ ਹਮੇਸ਼ਾ ਮੇਰੇ ਅੰਦਰ ਵਸਦੈ



ਸ਼ਵਿੰਦਰ ਕੌਰ

ਮੇਰੇ ਬਚਪਨ ਵਿੱਚ ਆਮ ਤੌਰ ’ਤੇ ਸਾਰੇ ਘਰ ਕੱਚੇ ਹੁੰਦੇ ਸਨ। ਇਸੇ ਤਰ੍ਹਾਂ ਸਾਡਾ ਘਰ ਵੀ ਕੱਚਾ ਸੀ। ਘਰ ਵੜਦਿਆਂ ਵਿਹੜੇ ਦੇ ਇੱਕ ਪਾਸੇ ਆਏ ਗਏ ਲਈ ਬੈਠਕ ਤੇ ਉਸ ਨਾਲ ਰਸੋਈ। ਰਸੋਈ ਦੇ ਦੂਜੇ ਪਾਸੇ ਚੁੱਲ੍ਹਾ ਚੌਂਕਾ ਹੁੰਦਾ ਸੀ। ਅੱਗੇ ਪੂਰੀ ਵੱਡੀ ਸਬਾਤ ਸੀ, ਜਿਸਦੇ ਇੱਕ ਪਾਸੇ ਤਿੰਨ ਸੰਦੂਕ ਪਏ ਹੁੰਦੇ।

ਸਭ ਤੋਂ ਛੋਟਾ ਸੰਦੂਕ ਮੇਰੀ ਦਾਦੀ ਮਾਂ ਦਾ ਸੀ। ਅਗਲਾ ਸੰਦੂਕ ਜਿਸ ’ਤੇ ਫੱਟੀ ਲਾ ਕੇ ਡੱਬੇ ਪਾਏ ਹੋਏ ਸਨ ਅਤੇ ਉਨ੍ਹਾਂ ਡੱਬਿਆਂ ਵਿੱਚ ਪਿੱਤਲ ਦੀਆਂ ਫੁੱਲੀਆਂ ਲੱਗੀਆਂ ਹੋਈਆਂ ਸਨ, ਮੇਰੀ ਮਾਂ ਦਾ ਸੀ। ਤੀਸਰੇ ਸੰਦੂਕ ਉੱਤੇ ਡੱਬੇ ਤਾਂ ਪਾਏ ਹੋਏ ਸਨ ਪਰ ਦੋ ਡੱਬੇ ਜਿਨ੍ਹਾਂ ਵਿੱਚ ਸ਼ੀਸ਼ੇ ਲੱਗੇ ਹੋਏ ਸਨ, ਨੂੰ ਛੱਡ ਕੇ ਬਾਕੀ ਸਭ ਖਾਲੀ ਸਨ। ਇਸ ਸੰਦੂਕ ਨੂੰ ਅਸੀਂ ਹਮੇਸ਼ਾ ਬੰਦ ਹੀ ਦੇਖਦੇ ਸਾਂ। ਜਦੋਂ ਵੀ ਘਰ ਵਿੱਚ ਇਸ ਸੰਦੂਕ ਬਾਰੇ ਗੱਲ ਹੁੰਦੀ ਤਾਂ ਇਸ ਨੂੰ ‘ਗਨੀ ਕਾ ਸੰਦੂਕ’ ਕਿਹਾ ਜਾਂਦਾ ਸੀ।

ਮੈਂ ਅਤੇ ਮੇਰੀਆਂ ਭੈਣਾਂ ਜੇ ਕਦੇ ਇਸ ਨੂੰ ਖੋਲ੍ਹਣ ਲੱਗਦੀਆਂ ਤਾਂ ਸਾਡੀ ਦਾਦੀ ਇਸ ਨੂੰ ਖੋਲ੍ਹਣ ਤੋਂ ਮਨ੍ਹਾਂ ਕਰ ਦਿੰਦੀ। ਅਸੀਂ ਕਾਰਨ ਪੁੱਛਦੀਆਂ ਤਾਂ ਉਹ ਇਹ ਕਹਿ ਕੇ ਗੱਲ ਨਿਬੇੜ ਦਿੰਦੀ, “ਇਹ ਤਾਂ ਪੁੱਤ ਬੇਗਾਨੀ ਅਮਾਨਤ ਹੈ। ਮੈਂ ਚਾਹੁੰਦੀ ਹਾਂ ਕਿ ਜਦੋਂ ਇਸਦੀ ਮਾਲਕਣ ਇਸ ਨੂੰ ਲੈਣ ਆਵੇ ਤਾਂ ਉਸ ਨੂੰ ਇਹ ਉਸੇ ਤਰ੍ਹਾਂ ਪਿਆ ਮਿਲੇ, ਜਿਸ ਤਰ੍ਹਾਂ ਉਹ ਇਸ ਨੂੰ ਰੱਖ ਕੇ ਗਈ ਸੀ।”

ਮਨ ਵਿੱਚ ਆਉਂਦਾ ਕਿ ਇਸਦੀ ਮਾਲਕਣ ਕੌਣ ਹੋਊ? ਉਹ ਇਸ ਨੂੰ ਇੱਥੇ ਕਿਉਂ ਰੱਖ ਕੇ ਗਈ ਹੈ? ਪਰ ਬਚਪਨ ਹੁੰਦਾ ਹੀ ਬੇਪਰਵਾਹ ਹੈ। ਛੇਤੀ ਹੀ ਸਭ ਕੁਝ ਵਿਸਰ ਜਾਂਦਾ। ਜਿਉਂ ਜਿਉਂ ਅਸੀਂ ਵੱਡੇ ਹੁੰਦੇ ਗਏ ਤਾਂ ਪੰਜਾਬ ਦੀ ਹੋਈ ਵੰਡ ਬਾਰੇ, ਪੰਜਾਬੀਆਂ ਨਾਲ ਵਰਤੇ ਅਸਹਿ, ਅਕਹਿ, ਅਣਚਿਤਵੇ ਅਤੇ ਦੁਖਦਾਈ ਕਹਿਰ ਬਾਰੇ ਪੜ੍ਹਨ, ਜਾਨਣ ਦਾ ਮੌਕਾ ਮਿਲਿਆ। ਇਹ ਸਮਝ ਵੀ ਆ ਗਈ ਕਿ ਇਸ ਸੰਦੂਕ ਨੂੰ ਇੱਥੇ ਕਿਸੇ ਨੇ ਕਿਉਂ ਰੱਖਿਆ। ਹੁਣ ਇਸਦੀ ਮਾਲਕਣ ਇਸ ਨੂੰ ਲੈਣ ਕਦੇ ਨਹੀਂ ਆਵੇਗੀ। ਜਦੋਂ ਦਾਦੀ ਮਾਂ ਨੂੰ ਇਹ ਗੱਲ ਦੱਸਣੀ ਤਾਂ ਉਸ ਦਾ ਵਿਸ਼ਵਾਸ ਕਦੇ ਨਾ ਡੋਲਦਾ। ਅੱਗੋਂ ਉਸ ਨੇ ਸਾਨੂੰ ਗੁੱਸੇ ਹੋਣ ਲੱਗ ਪੈਣਾ। ਤੁਹਾਡੀ ਤਾਂ ਦੋ ਅੱਖਰ ਪੜ੍ਹ ਕੇ ਮੱਤ ਹੀ ਮਾਰੀ ਗਈ ਹੈ। ਸਦੀਆਂ ਤੋਂ ਸਾਡੇ ਨਾਲ ਵਸਦੇ ਸਾਡੇ ਹਮਸਾਏ ਬਿਗਾਨੇ ਕਿਵੇਂ ਹੋ ਗਏ। ਇਸੇ ਪਿੰਡ ’ਚ ਜੰਮੇ ਜਾਏ, ਵੱਡੇ ਹੋਏ ਹੁਣ ਉਹਨਾਂ ਨੂੰ ਆਪਣੇ ਪਿੰਡ ਆਪਣੇ ਘਰ ਆਉਣ ਤੋਂ ਭਲਾ ਕੌਣ ਰੋਕ ਸਕਦਾ ਹੈ? ਭੋਲੀ ਭਾਲੀ ਦਾਦੀ ਸਿਆਸਤ ਦੀਆਂ ਖੇਡਾਂ ਬਾਰੇ ਕੀ ਜਾਣਦੀ ਸੀ।

ਮੇਰੇ ਮਨ ਵਿੱਚ ਸੰਦੂਕ ਨੂੰ ਤੱਕ ਕੇ ਆਪ ਮੁਹਾਰੇ ਕਈ ਕੁਝ ਘੁੰਮਦਾ ਰਹਿੰਦਾ। ਕਦੇ ਲੱਗਦਾ ਕਿੰਨੀਆਂ ਰੀਝਾਂ ਅਤੇ ਚਾਵਾਂ ਨਾਲ ਮਾਪਿਆਂ ਨੇ ਆਪਣੀ ਧੀ ਰਾਣੀ ਨੂੰ ਇਹ ਸੰਦੂਕ ਬਣਾ ਕੇ ਦਿੱਤਾ ਹੋਵੇਗਾ। ਸਹੁਰੇ ਘਰ ਨਵੀਂ ਆਈ ਉਸ ਮੁਟਿਆਰ ਨੂੰ, ਉਸ ਅਣਜਾਣ ਪਰਿਵਾਰ ਵਿੱਚ ਇਹ ਸੰਦੂਕ ਹੀ ਆਪਣੇਪਣ ਦਾ ਧਰਵਾਸ ਦਿੰਦਾ ਹੋਵੇਗਾ। ਧੁਰ ਅੰਦਰੋਂ ਇੱਕ ਰੂਹ ਦਾ ਰਿਸ਼ਤਾ ਇਸ ਨਾਲ ਜੁੜਿਆ ਹੋਵੇਗਾ। ਜਦੋਂ ਉਸ ਨੇ ਇਸਦੇ ਸ਼ੀਸ਼ਿਆਂ ਸਾਹਮਣੇ ਖੜ੍ਹ ਕੇ ਆਖਰੀ ਦਿਨ ਸਿਰ ਵਾਹੁੰਦਿਆਂ ਆਪਣੇ ਸੰਧੂਰੀ ਚਿਹਰੇ ਨੂੰ ਤੱਕਿਆ ਹੋਵੇਗਾ, ਉਸ ਨੂੰ ਕੀ ਪਤਾ ਸੀ ਕਿ ਅੱਜ ਇਸ ਰਿਸ਼ਤੇ ਦਾ ਆਖਰੀ ਦਿਨ ਹੈ। ਇਸ ਤੋਂ ਬਾਅਦ ਉਸ ਨੂੰ ਇਹਨਾਂ ਸ਼ੀਸ਼ਿਆਂ ਵਿੱਚ ਕਦੇ ਤੱਕਣਾ ਨਸੀਬ ਨਹੀਂ ਹੋਵੇਗਾ। ਜਦੋਂ ਉਸ ਦਾ ਪਰਿਵਾਰ ਇਸ ਸੰਦੂਕ ਨੂੰ ਸਾਡੇ ਘਰ ਰੱਖਣ ਆਇਆ ਹੋਵੇਗਾ ਤਾਂ ਭਰੇ ਗਲੇ ਅਤੇ ਸਿੱਲ੍ਹੀਆਂ ਅੱਖਾਂ ਨਾਲ ਉਹ ਇਸ ਵੱਲ ਕਿਵੇਂ ਨੀਝ ਨਾਲ ਤੱਕ ਰਹੀ ਹੋਵੇਗੀ।

ਕਦੇ ਅੱਖਾਂ ਸਾਹਮਣੇ ਉਹ ਦ੍ਰਿਸ਼ ਆ ਜਾਂਦਾ ਜਦੋਂ ਘਰਾਂ ਦੇ ਮਾਲਕ ਲੋੜੀਂਦੀਆਂ ਵਸਤਾਂ ਦੀ ਗਠੜੀ ਬੰਨ੍ਹ ਕੇ ਉਨ੍ਹਾਂ ਘਰਾਂ ਦੀ ਦਹਿਲੀਜ਼ ਟੱਪਣ ਲੱਗੇ ਹੋਣਗੇ, ਜਿਨ੍ਹਾਂ ਘਰਾਂ ਵਿੱਚ ਉਹਨਾਂ ਦਾ ਦਿਲ ਧੜਕਦਾ ਸੀ। ਜਿੱਥੇ ਨਿੱਤ ਨਵੇਂ ਸੁਪਨੇ ਪਨਪਦੇ ਸਨ। ਜਿਸਦੀਆਂ ਕੰਧਾਂ ਨਾਲ ਵੀ ਉਹਨਾਂ ਦਾ ਮੋਹ ਸੀ ਤਾਂ ਪਤਾ ਨਹੀਂ ਕਿੰਨੀ ਕੁ ਵਾਰ ਭਰੇ ਮਨਾਂ ਨਾਲ ਪਿਛਾਂਹ ਮੁੜ ਮੁੜ ਕੇ ਘਰ ਵੱਲ ਤੱਕਿਆ ਹੋਵੇਗਾ। ਕਦੇ ਲੱਗਦਾ, ਹੋ ਸਕਦਾ ਹੈ ਉਹਨਾਂ ’ਤੇ ਇਹ ਸੋਚ ਭਾਰੂ ਹੋਵੇ, ਚਾਰ ਦਿਨਾਂ ਦਾ ਰੌਲਾ ਗੌਲਾ ਹੈ, ਮੁੜ ਆਪਣੇ ਘਰਾਂ ਵਿੱਚ ਪਰਤ ਆਵਾਂਗੇ।

ਪਰ ਇੱਕ ਵਾਰ ਤਾਂ ਉਹ ਥਿੜਕਦੇ ਪੈਰਾਂ ਨਾਲ ਉਘੜ-ਦੁਘੜੇ ਰਾਹਾਂ ਦੇ ਪਾਂਧੀ ਬਣ ਤੁਰ ਪਏ ਸਨ। ਲੀਹੋਂ ਥਿੜਕੀ ਜ਼ਿੰਦਗੀ ਨੂੰ ਮੁੜ ਤਰਤੀਬ ਦੇਣ ਲਈ ਪਤਾ ਨਹੀਂ ਉਹਨਾਂ ਨੂੰ ਕਿੰਨੇ ਕੁ ਜ਼ਫ਼ਰ ਜਾਲਣੇ ਪਏ ਹੋਣਗੇ।

ਸਮਾਂ ਬੀਤਦਾ ਗਿਆ। ਦਾਦੀ ਸੰਦੂਕ ਦੀ ਮਾਲਕਣ ਦਾ ਰਾਹ ਤੱਕਦੀ ਇਸ ਜਹਾਨ ਤੋਂ ਤੁਰ ਗਈ। ਪੇਟੀਆਂ, ਅਲਮਾਰੀਆਂ ਦੇ ਮੋਹ ਅੱਗੇ ਸੰਦੂਕਾਂ ਦੀ ਵੁੱਕਤ ਘਟਦੀ ਗਈ। ਸੰਭਾਲ ਖੁਣੋ ਉਹਨਾਂ ਨੂੰ ਸਿਉਂਕ ਖਾ ਗਈ। ਆਧੁਨਿਕਤਾ ਦੇ ਚੱਕਰ ਵਿੱਚ ਫਸ ਕੇ ਕੋਠੀਆਂ ਬਣਾਉਣ ਦੀ ਖ਼ਾਹਿਸ਼ ਕੱਚੇ ਘਰਾਂ ਨੂੰ ਨਿਗਲ ਗਈ। ਆਪਣੀ ਆਪਣੀ ਗ੍ਰਹਿਸਥੀ ਵਿੱਚ ਖੁਭ ਕੇ ਸੰਦੂਕ ਚੇਤਿਆਂ ਵਿੱਚੋਂ ਵਿਸਰ ਗਿਆ।

ਕੁਝ ਕੁ ਦਿਨ ਪਹਿਲਾਂ ਮਿਸੀਸਾਗਾ (ਕਨੇਡਾ) ਤੋਂ ਚਾਚਾ ਜੀ ਨੇ ਫੋਨ ਕਰ ਕੇ ਦੱਸਿਆ ਕਿ ਆਪਣੇ ਨਾਲ ਦੇ ਪਿੰਡ ਬਾਰੇ ਇੱਕ ਵੀਡੀਓ ਫੇਸਬੁੱਕ ’ਤੇ ਘੁੰਮ ਰਹੀ ਹੈ ਜਿਸ ਵਿੱਚ ਪੱਛਮੀ ਪੰਜਾਬ ਤੋਂ ਇੱਕ ਬਜ਼ੁਰਗ ਉਸ ਪਿੰਡ ਨੂੰ ਯਾਦ ਕਰਕੇ ਉਸ ਬਾਰੇ ਗੱਲਾਂ ਕਰ ਰਿਹਾ ਹੈ। ਹੋ ਸਕਦਾ ਹੈ ਆਪਣੇ ਪਿੰਡ ਤੋਂ ਵੀ ਜੋ ਪਰਿਵਾਰ ਗਏ ਸਨ ਉਨ੍ਹਾਂ ਵਿੱਚੋਂ ਵੀ ਕੋਈ ਬਜ਼ੁਰਗ ਹੁਣ ਤਕ ਸਲਾਮਤ ਹੋਵੇ। ਇਸ ਬਾਰੇ ਕਿਵੇਂ ਪਤਾ ਲੱਗ ਸਕਦਾ ਹੈ? ਮੈਂ ਚਾਚਾ ਨੂੰ ਅਖ਼ਬਾਰ ਵਿੱਚੋਂ ਲੱਭ ਕੇ ਸਾਂਵਲ ਧਾਮੀ ਦਾ ਫੋਨ ਨੰਬਰ ਦੇ ਦਿੱਤਾ ਕਿ ਇਹ ਸ਼ਖਸ ਵੰਡ ਵੇਲੇ ਦੀਆਂ ਘਟਨਾਵਾਂ ਨੂੰ ਪੰਜਾਬੀ ਟ੍ਰਿਬਿਊਨ ਵਿੱਚ ਲਿਖਦਾ ਹੈ। ਇਸ ਨੂੰ ਫ਼ੋਨ ਕਰ ਕੇ ਪੁੱਛ ਲਵੋ। ਉਹਨਾਂ ਨੇ ਜਦੋਂ ਧਾਮੀ ਜੀ ਨੂੰ ਫੋਨ ਕੀਤਾ ਤਾਂ ਉਸ ਨੇ ਅੱਗੋਂ ਯਾਸਰ ਡੋਗਰ ਦਾ ਫੋਨ ਨੰਬਰ ਦੇ ਦਿੱਤਾ। ਯਾਸਰ ਡੋਗਰ ਪੱਛਮੀ ਪੰਜਾਬ ਵਿੱਚ ਇੱਧਰੋਂ ਗਏ ਪਰਿਵਾਰਾਂ ਦੀਆਂ ਵੀਡੀਓਜ਼ ਬਣਾ ਕੇ ਸਬੰਧਤ ਲੋਕਾਂ ਨੂੰ ਭੇਜਦਾ ਰਹਿੰਦਾ ਹੈ। ਜਦੋਂ ਚਾਚਾ ਜੀ ਨੇ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਸਾਡੇ ਪਿੰਡ ਨਾਲ ਸਬੰਧਤ ਪਰਿਵਾਰ ਲੱਭਣ ਲਈ ਹਾਮੀ ਭਰ ਦਿੱਤੀ।

ਕੁਝ ਦਿਨ ਹੀ ਲੰਘੇ ਸਨ ਕਿ ਯਾਸਰ ਡੋਗਰ ਨੇ ਸਾਡੇ ਪਿੰਡ ਦੇ ਸਾਹੀਵਾਲ ਜ਼ਿਲੇ ਵਿੱਚ ਰਹਿੰਦੇ ਪਚੰਨਵੇਂ ਸਾਲਾਂ ਦੇ ਬਜ਼ੁਰਗ ਖ਼ੁਸ਼ੀ ਮੁਹੰਮਦ ਨੂੰ ਲੱਭ ਲਿਆ। ਉਸ ਨਾਲ ਗੱਲਾਂ ਕਰਕੇ ਵੀਡੀਓ ਭੇਜ ਦਿੱਤੀ। ਨਾਲ ਹੀ ਉਸ ਦੇ ਪੋਤੇ ਤਨਵੀਰ ਦਾ ਫੋਨ ਨੰਬਰ ਦੇ ਕੇ ਉਸ ਨਾਲ ਗੱਲ ਕਰਨ ਨੂੰ ਕਿਹਾ। ਚਾਚਾ ਜੀ ਨੇ ਉਸ ਨਾਲ ਗੱਲ ਕੀਤੀ ਤਾਂ ਉਹ ਬਹੁਤ ਹੀ ਖੁਸ਼ ਹੋਏ।

ਚਾਚਾ ਜੀ ਨੇ ਜਦੋਂ ਮੈਨੂੰ ਦੱਸਿਆ ਤਾਂ ਮੇਰੇ ਸਾਹਮਣੇ ਭੁੱਲਿਆ ਵਿਸਰਿਆ ਸੰਦੂਕ ਯਾਦ ਆ ਗਿਆ। ਮੇਰੀ ਜਿਗਿਆਸਾ ਉਸ ਬਾਰੇ ਜਾਨਣ ਲਈ ਬੇਤਾਬ ਹੋ ਉੱਠੀ। ਮਨ ਵਿੱਚ ਐਨੀ ਕਾਹਲ ਪੈਦਾ ਹੋ ਗਈ ਕਿ ਕਿਹੜਾ ਵੇਲਾ ਹੋਵੇ ਮੈਂ ਬਾਬਾ ਜੀ ਨਾਲ ਗੱਲ ਕਰਾਂ ਤਾਂ ਜੋ ਉਸ ਸੰਦੂਕ ਦੀ ਮਾਲਕਣ ਬਾਰੇ ਜਾਣ ਸਕਾਂ। ਮੈਂ ਉਹਨਾਂ ਨੂੰ ਤਾਕੀਦ ਕੀਤੀ, ਜਦੋਂ ਵੀ ਹੁਣ ਗੱਲ ਕਰੋ, ਮੇਰੇ ਬਾਰੇ ਦੱਸਣਾ ਕਿ ਉਹ ਤੁਹਾਡੇ ਨਾਲ ਗੱਲ ਕਰਨੀ ਚਾਹੁੰਦੀ ਹੈ।

ਚਾਚਾ ਜੀ ਦੇ ਕਹਿਣ ’ਤੇ ਜਦੋਂ ਤਨਵੀਰ ਨੇ ਬਾਬਾ ਜੀ ਨਾਲ ਗੱਲ ਕਰਾਈ ਤਾਂ ਪਿੰਡ ਪ੍ਰਤੀ ਡੁੱਲ੍ਹ ਡੁੱਲ੍ਹ ਪੈਂਦਾ ਪਿਆਰ ਉਹਨਾਂ ਦੀਆਂ ਗੱਲਾਂ ਵਿੱਚੋਂ ਝਲਕ ਰਿਹਾ ਸੀ। ਉਹ ਪਿੰਡ ਦੇ ਬਸ਼ਿੰਦਿਆਂ, ਜੋ ਉਹਨਾਂ ਦੇ ਵੇਲੇ ਦੇ ਸਨ, ਬਾਰੇ ਜਾਨਣ ਲਈ ਉਤਾਵਲੇ ਸਨ। ਪਰ ਅਫਸੋਸ ਦੋ-ਤਿੰਨ ਨੂੰ ਛੱਡ ਕੇ ਹੋਰ ਕੋਈ ਵੀ ਜੀਵਿਤ ਨਹੀਂ ਸੀ। ਬਾਬਾ ਜੀ ਅੱਗੇ ਉਹਨਾਂ ਦੀ ਔਲਾਦ ਬਾਰੇ, ਉਹਨਾਂ ਦੀ ਰਾਜ਼ੀ ਖ਼ੁਸ਼ੀ ਬਾਰੇ ਬੜੇ ਤਿਹੁ ਨਾਲ ਗੱਲਬਾਤ ਕਰਦੇ ਰਹੇ। ਉਹ ਪਿੰਡ ਦੀ ਹਰ ਗਲੀ, ਨੁੱਕਰ ਵਿੱਚ ਫਿਰਦੇ ਬੋਹੜਾਂ, ਪਿੱਪਲਾਂ, ਖੂਹਾਂ ਟੋਭਿਆਂ ਬਾਰੇ ਗੱਲਾਂ ਕਰਦੇ ਭਾਵੁਕ ਹੋ ਰਹੇ ਸਨ। ਉਹਨਾਂ ਦੀ ਯਾਦ ਸ਼ਕਤੀ ਦੇਖ ਕੇ ਮੈਂ ਹੈਰਾਨ ਰਹਿ ਗਈ। ਪਿੰਡ ਬਾਰੇ ਗੱਲਾਂ ਕਰਦਿਆਂ ਉਹਨਾਂ ਦੇ ਬੋਲਾਂ ਵਿੱਚ ਟਸ ਟਸ ਕਰਦੀ ਚੀਸ ਅਨੁਭਵ ਕਰਕੇ ਮੇਰਾ ਮਨ ਵੀ ਭਰ ਆਇਆ ਸੀ। ਬਾਬਾ ਜੀ ਦਾ ਸਾਰਾ ਪਰਿਵਾਰ ਉਦਾਲੇ ਬੈਠਾ ਸਾਡੀਆਂ ਗੱਲਾਂ ਸੁਣ ਰਿਹਾ ਸੀ। ਉਹਨਾਂ ਨੇ ਦੱਸਿਆ, “ਤੇਰਾ ਦਾਦਾ ਮੇਰੇ ਭਰਾਵਾਂ ਦੀ ਥਾਂ ਲੱਗਦਾ ਸੀ, ਇਸ ਰਿਸ਼ਤੇ ਕਰਕੇ ਤੂੰ ਕੁੜੀਏ ਮੇਰੀ ਪੋਤੀ ਲਗਦੀ ਹੈਂ।”

ਫਿਰ ਬਾਬਾ ਜੀ ਦੀ ਪੋਤੀ ਅਜ਼ਰਾ ਮੇਰੇ ਨਾਲ ਗੱਲਾਂ ਕਰਨ ਲੱਗ ਪਈ। ਅਸੀਂ ਝੱਟ ਭੈਣਾਂ ਬਣ ਗਈਆਂ। ਗੱਲਾਂ ਕਰਦਿਆਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਸਦੀਆਂ ਤੋਂ ਇੱਕ ਦੂਜੇ ਨੂੰ ਜਾਣਦੀਆਂ ਹੋਈਏ।

ਮੇਰੇ ਮਨ ਅੰਦਰ ਤਾਂ ਸੰਦੂਕ ਘੁੰਮ ਰਿਹਾ ਸੀ। ਮੈਂ ਬਾਬਾ ਜੀ ਨੂੰ ਪੁੱਛ ਲਿਆ, “ਬਾਬਾ ਜੀ ਗਨੀ ਕੌਣ ਸੀ?”

ਉਹਨਾਂ ਨੇ ਦੱਸਿਆ, “ਤੁਹਾਡੇ ਘਰਾਂ ਤੋਂ ਅੱਗੇ ਧਰਮਸ਼ਾਲਾ ਦੇ ਨਾਲ ਗੁੱਜਰਾਂ ਦੇ ਘਰ ਸਨ। ਗਨੀ ਉਹਨਾਂ ਦਾ ਮੁੰਡਾ ਸੀ। ਉਸ ਦਾ ਥੋੜ੍ਹਾ ਸਮਾਂ ਪਹਿਲਾਂ ਹੀ ਵਿਆਹ ਹੋਇਆ ਸੀ। ਉਸ ਦੀ ਘਰ ਵਾਲੀ ਨਿਆਮਤੇ ਬਹੁਤ ਹੀ ਸ਼ੈਲ ਜਵਾਨ ਅਤੇ ਸੋਹਣੀ ਸੁਨੱਖੀ ਸੀ।”

ਮੈਂ ਸੰਦੂਕ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗੇ, “ਉਹ ਤੁਰਨ ਤੋਂ ਪਹਿਲਾਂ ਸੰਦੂਕ ਤੁਹਾਡੇ ਘਰ ਅਤੇ ਬਾਕੀ ਸਮਾਨ ਕੇਹਰ ਸਿੰਘ ਕੇ ਰੱਖ ਗਏ ਸਨ। ਨਿਆਮਤੇ ਆਪ ਵੀ ਸੰਦੂਕ ਰੱਖਣ ਨਾਲ ਗਈ ਸੀ।”

ਮੇਰੇ ਮਨ ਵਿੱਚ ਆਇਆ ਕਿ ਮੈਂ ਨਿਆਮਤੇ ਨੂੰ ਦੱਸਾਂ ਕਿ ਤੇਰਾ ਸੰਦੂਕ ਮੇਰੀ ਦਾਦੀ ਨੇ ਕਿਵੇਂ ਸਾਂਭ ਕੇ ਰੱਖਿਆ ਸੀ। ਮੈਂ ਜਲਦੀ ਦੇਣੇ ਬਾਬਾ ਜੀ ਤੋਂ ਗਨੀ ਅਤੇ ਨਿਆਮਤੇ ਬਾਰੇ ਜਾਣਕਾਰੀ ਮੰਗੀ। ਪਰ ਬਾਬਾ ਜੀ ਦਾ ਜਵਾਬ ਸੁਣ ਕੇ ਮੇਰਾ ਮਨ ਉਤਸੁਕਤਾ ਦੀ ਥਾਂ ਗਮ ਨਾਲ ਭਰ ਗਿਆ। ਉਹਨਾਂ ਪਰਿਵਾਰ ਸਾਹੀਵਾਲ ਤੋਂ ਸੌ ਕਿਲੋਮੀਟਰ ਦੂਰ ਰਹਿੰਦਾ ਸੀ। ਨਿਆਮਤੇ ਅਤੇ ਗਨੀ ਦੋਵੇਂ ਨਾ ਮੁੜਨ ਵਾਲੇ ਰਾਹਾਂ ’ਤੇ ਤੁਰ ਗਏ ਸਨ।

ਆਪਣੇ ਮਨ ’ਤੇ ਕਾਬੂ ਪਾ ਕੇ ਮੈਂ ਬਾਬਾ ਜੀ ਨੂੰ ਪੁੱਛਿਆ, “ਤੁਹਾਡਾ ਹੁਣ ਵੀ ਪਿੰਡ ਆਉਣ ਨੂੰ ਦਿਲ ਕਰਦਾ ਹੋਣਾ ਹੈ?”

ਬਾਬਾ ਜੀ ਕਹਿੰਦੇ, “ਕੁੜੀਏ ਤੂੰ ਆਉਣ ਦੀ ਗੱਲ ਕਰਦੀ ਐਂ। ਪਿੰਡ ਤਾਂ ਹਮੇਸ਼ਾ ਮੇਰੇ ਅੰਦਰ ਵਸਦੈ। ਇਸ ਨਾਲ ਤਾਂ ਮੇਰਾ ਰੂਹ ਦਾ ਰਿਸ਼ਤਾ। ਮੈਨੂੰ ਤਾਂ ਸੁਪਨੇ ਵੀ ਪਿੰਡ ਦੇ ਹੀ ਆਉਂਦੇ ਹਨ। ਸੁਪਨਿਆਂ ਵਿੱਚ ਮੈਂ ਖੂਹਾਂ, ਟੋਭਿਆਂ ਅਤੇ ਖੇਤਾਂ ’ਚ ਆਪਣੇ ਇੱਧਰ ਰਹਿ ਗਏ ਭਰਾਵਾਂ ਨਾਲ ਕੰਮ ਕਰਦਾ ਫਿਰਦੈਂ। ਇੱਕ ਵਾਰੀ ਮੈਨੂੰ ਪਿੰਡ ਦਿਖਾ ਦਿਉਂ ਤਾਂ ਤੁਹਾਨੂੰ ਬਹੁਤ ਪੁੰਨ ਲੱਗੂ। ਉਮਰ ਬਥੇਰੀ ਭੋਗ ਲਈ ਹੁਣ ਤਾਂ, ਇੱਕ ਹੀ ਖ਼ਾਹਿਸ਼ ਹੈ ਕਾਸ਼, ਆਪਣੀ ਜਨਮ ਭੋਇੰ ਦੀ ਮਿੱਟੀ ਨੂੰ ਮੱਥੇ ਨਾਲ ਲਾ ਕੇ ਸਿਜਦਾ ਕਰ ਲਵਾਂ।”

ਮੈਂ ਤਹਿ ਦਿਲੋਂ ਅਰਦਾਸ ਕੀਤੀ, ਬਾਬਾ ਜੀ ਦੀ ਖ਼ਾਹਿਸ਼ ਪੂਰੀ ਹੋਵੇ। ਅਸੀਂ ਇਸ ਨੂੰ ਪੂਰੀ ਕਰ ਸਕੀਏ।

# ਇਸ ਵਾਰ ਦਾ ਕਵੀ :– ਸੰਦੀਪ ਸ਼ਰਮਾ



ਸੰਦੀਪ ਸ਼ਰਮਾ

ਸੰਦੀਪ ਸ਼ਰਮਾ ਦਿੱਲੀ ਯੂਨਿਵਰਸਿਟੀ ਦਿੱਲੀ ਵਿਖੇ ਪੰਜਾਬੀ ਵਿਭਾਗ ਵਿਚ ਖੋਜਾਰਥੀ ਵਜੋਂ ਕਾਰਜਸ਼ੀਲ ਹੈ।ਉਹ ਪੰਜਾਬੀ ਤੋਂ ਛੁੱਟ, ਜਰਮਨ, ਫਰੈਂਚ ਅਤੇ ਅੰਗਰੇਜ਼ੀ ਕਵੀਆਂ ਨੂੰ ਨਿਰੰਤਰ ਪੜ੍ਹਦਾ ਰਹਿੰਦਾ ਹੈ । ਉਹ ਪ੍ਰਕਿਰਤਕ ਰੁਮਾਂਸਵਾਦ, ਜਰਮਨ ਰਹੱਸਵਾਦ ਅਤੇ ਭਾਰਤੀ ਦਰਸ਼ਨ ਤੋਂ ਖੁਦ ਨੂੰ ਪ੍ਰਭਾਵਿਤ ਮੰਨਦਾ ਹੈ । ਸੰਦੀਪ ਦੀ ਕਾਵਿ ਚੇਤਨਾ ਅਹਿਸਾਸ ਦੀ ਤਰਲਤਾ ਦੇ ਅਸੀਮ ਰੂਪਾਂ ਨੂੰ ਪ੍ਰਗੀਤਕਤਾ ਰਾਹੀਂ ਜਿਊਂਦੀ ਹੈ ।

–ਗੁਰਮੁਖੀ ਬਿਓਰੋ

## ਸੁੰਨ–ਬੋਲ

ਮਹਾਂਛਿਣ ਵਿਚ ਧੜਕੇ ਹਨੇਰਾ
ਗੁਰੂਤਾਕਰਸ਼ਣ ਜਿਸਦਾ ਰਹਿਣ ਬਸੇਰਾ
ਜਿੱਥੇ ਸੁਲਗਦੇ ਛਿਣਾਂ ਦੀ ਆਬਸ਼ਾਰ
ਹਨ ਅਨੰਤਾਂ ਹੀ ਵਸਦੇ ਸੰਸਾਰ
ਗਾਥਾ ਇਹ ਛਿਣਾਂ ਦੀ ਤੋਰ ਦੀ
ਧਰਤ ਤੇ ਹੋਰੋ ਹੋਰ ਦੀ
ਜਿਥੇ ਸੂਰਜ ਰਾਣੇ ਝੂਮਦੇ
ਤਾਰਾਮੰਡਲ ਨੇ ਊਂਘਦੇ
ਜਿਥੇ ਧਰਤ ਚੰਨ ਕਈ ਲੱਖ ਨੇ
ਇਕ ਹੋ ਕੇ ਵੀ ਵੱਖ ਨੇ
ਜਿਥੇ ਸੁੰਨ ਵੀ ਰੰਗਸਾਜ਼ ਹੈ
ਕਿਆ ਅਜਬ ਗਜ਼ਬ ਜਿਹਾ ਰਾਜ਼ ਹੈ
ਇਹ ਸੁੰਨ ਤੋਂ ਪਾਰੋ ਪਾਰ ਕੀ?
ਮਿਟੜੀ ਨੇ ਕਰੀ ਪਰਵਾਜ਼ ਹੈ
ਪਹੁੰਚੀ ਏ ਗਗਨਾਮੰਡਲੀਂ
ਤੋੜ ਤਲਿਸਮੀ ਸੰਗਲੀ
ਸੋਚਾਂ ਦੇ ਕੁੰਡਲ ਪਿਘਲੇ ਨੇ
ਮਹਾਂਮੌਨ-ਤਰਲ ਫਿਰ ਨਿਕਲੇ ਨੇ
ਇਹ ਤਰਲ, ਠੋਸ ਤੇ ਗੈਸ ਵੀ ਏ
ਇਹ ਦਿਸਦੇ ਦਾ ਮਹਾਂਗੈਬ ਵੀ ਏ
ਹਰਛਿਣ ਜਿਸਦਾ ਰੰਗ ਰੂਪ ਨਵਾਂ
ਮਹਾਮੌਨ ਨੂੰ ਆਖਰ ਕਿੰਝ ਕੂਵਾਂ

ਇਹ ਸੂਰਜ ਤਾਰੇ ਚੁੱਪ ਬੜੇ
ਬੋਲਾਂ ਦਾ ਕਾੜਾ ਨਿੱਤ ਕੜੇ
ਕਾੜੇ ਦਾ ਜਦ ਵੀ ਪਾਣ ਕਰਾਂ
ਇਕ ਚੁੱਪ ਨੂੰ ਧਰਤ ਤੇ ਆਣ ਧਰਾਂ
ਇਹ ਚੁੱਪ ਸੁੰਨ ਮਹਾਮੌਨ ਸਗੇ
ਨਾਦ ਦੇਹੀ ਵਿਚ ਆਣ ਜਗੇ
ਉਸ ਨਾਦ ਦੇ ਅਨੁਵਾਦ ਕਰਾਂ
ਦੇਹੀ ਨੂੰ ਆਜ਼ਾਦ ਕਰਾਂ
ਇਹ ਦੇਹ ਅਨੰਤ ਜਿਹੀ ਲੱਗ ਰਹੀ
ਜਿੱਥੇ ਸੁੰਨ-ਨਾਦ ਹੈ ਜਗ ਰਹੀ
ਇਹ ਖਿੱਚ ਕਿਸੇ ਵਿਚ ਸਾਹ ਲਵੇ
ਹਨੇਰ-ਕਾਲ ਜਿਥੇ ਰਾਹ ਬਣੇ
ਰਾਹਾਂ ਦੇ ਵਿਚ ਸੂਰਜ ਜਗਦੇ ਨੇ
ਬਣ ਰੇਤਾ ਤਾਰੇ ਤਪਦੇ ਨੇ
ਇਹ ਸੁੰਨ ਜੋ ਤਾਰਾਮੰਡਲਾਂ ਦੀ
ਹੈ ਨਾਦ ਧਰਤ ਦੇ ਮੰਡਲਾਂ ਦੀ
ਇਸ ਹਨੇਰਕਾਲ ਦੀ ਧੜਕਣ ਦਾ
ਸਾਹਾਂ ਵਿਚ ਸੁੰਨ ਦੀ ਖੜਕਣ ਦਾ
ਤਾਰਾ ਅੰਬਰੀਂ ਬਲਦਾ ਏ
ਜੋ ਮਨਮਸਤਕੀਂ ਢਲਦਾ ਏ
ਜਿਥੋਂ ਸਦੀਆਂ ਦੀ ਤੋਰ ਬਣੀਂ
ਓਸ ਤੋਰ ਚ ਛਿਣ ਜਾ ਰਲਦਾ ਏ
ਇਸ ਸੁੰਨ ਨਾਦ ਦੇ ਰੰਗ ਨੇ ਜੋ
ਦੇਹੀ ਦੇ ਵੀ ਢੰਗ ਨੇ ਜੋ
ਇਕ ਸਾਹ ਇਕ ਛਿਣ ਹੀ ਨੇ
ਅੰਤ- ਅਨੰਤ-ਮਹਾਂਛਿਣ ਵੀ ਨੇ
ਇਹ ਮਹਾਂਛਿਣ ਦਾ ਹਨੇਰਾ ਏ
ਚਾਨਣੀਰੱਤਾ ਸਵੇਰਾ ਏ
ਇਸ ਸਵੇਰ ਦੇ ਚਾਨਣ ਦਾ ਗੀਤ ਕਵ੍ਹਾਂ
ਮੈਂ ਚੁੱਪਮੰਡਲਾਂ ਵਿਚ ਸੀਤ ਰਵਾਂ।

## ਅਰੂਪ

ਦੇਹ ਦੇ ਅੰਤ
ਦੀ ਹਰਕਤ
ਧਰਤ ਦਾ ਮੱਥਾ
ਚੁੰਮਦੀ
ਦੇਹ ਦਾ ਅੰਤ ਆਕਾਸ਼ੀ
ਹਰਕਤ ਨਾਲ
ਧਰਤ ਤੇ ਬਰਕਤ
ਵਰਤਾਉਂਦਾ
ਧਰਤ ਦਾ ਮੱਥਾ ਚੁੰਮਣ ਵਾਲਾ
ਅੰਤ
ਅਨੰਤ ਦੇ ਰਾਹੇ ਪੈਂਦਾ
ਆਕਾਸ਼ੀ ਜ਼ੁੰਬਿਸ਼ ਵਾਲਾ ਅੰਤ
ਅਨੰਤ ਦੇ ਰਾਹਾਂ ਦੇ
ਆਕਾਰ ਘੜਦਾ
ਆਕਾਰ ਅੰਤ ਹੈ
ਹਰਕਤ ਇਸ ਦਾ ਵਜੂਦ
ਬਰਕਤ ਇਸਦਾ ਰੂਪ
ਦੇਹ ਅਨੰਤ ਹੈ।

## ਸਦੀਵੀ ਰਾਖ

ਸਿਮਰਤੀ ਦਾ ਛਿਣ ਜੰਗਲ ਹੋਇਆ
ਬੂਟ-ਬਰੂਟੇ ਥਰ ਥਰ ਕੰਬੇ
ਆਪਾ ਬਣ 'ਹੰਝੂ' ਜਦ ਮੋਇਆ
ਮੋਇਆਂ ਦੀ ਜਾਗ ਲੱਗੀ ਵਿੱਚ ਜੰਗਲੀਂ
ਰਾਖਮੂਰਤ 'ਤੱਕ' ਰੁੱਖੜਾ  ਰੋਇਆ
ਰੁੱਖੜੇ ਪਾਏ ਵੈਣ ਕੀਰਨੇ
ਰੂਪ ਰਾਖ ਦਾ ਪਵਣ ਲੁਕੋਇਆ!
ਰਾਖ ਰੁੱਖੜੇ ਦੀ ਜੜ੍ਹ ਵਿੱਚ ਜੀਵੇ
ਮੌਨ ਗੀਤ ਪਵਣ ਦਾ ਛੋਹਿਆ
ਮੋਇਆ ਹੰਝੂ ਈ ਜੜ੍ਹ ਦਸੀਵੇ
ਲੁਕਿਆ ਰੂਪ ਹੀ ਫਿਰ ਰੁੱਖੜਾ ਹੋਇਆ
ਜੰਗਲ ਦੇ ਵਿੱਚ ਰੁੱਖੜਾ ਥੀਵੇ
ਸਿਮਰਤੀ ਰਾਖਰੂਪ ਸੰਜੋਇਆ।

## ਸ਼ਿਵ ਨੂੰ ਸੁਨੇਹਾ

ਸਿਖਰ ਦੁਪਹਿਰ ਸਿਰ 'ਤੇ
ਮੇਰਾ ਗੀਤ ਸੁਣੀਂ ਪਰਛਾਂਵਿਆਂ
ਕਬਰਾਂ ਨੂੰ ਪੈਣ ਗਸ਼ੀਆਂ
ਜਦ ਅੱਖ ਨੇ ਆਪਾ ਲੈ ਪਛਾਣਿਆਂ
ਜ਼ਿੰਦਗੀ ਦੇ ਥਲ ਪੁੰਗਰੀ
ਮੇਰੀ ਹੋਂਦ ਦੇ ਰੁੱਖ ਦੀ ਸਵੇਰ
ਦੁੱਖਾਂ ਨੇ ਵੀ ਠਾਹਰ ਲਈ
ਗਮ ਬਣ ਗੇ ਗੁਲਾਬੀ ਜੇ ਕਨੇਰ
ਮੈਂ ਹੀ ਹਾਂ ਉਹ ਰੁੱਖ ਸੱਜਰਾ
ਜਿਹਨੇਂ ਧੁੱਪਾਂ ਦੇ ਕੰਡਿਆਂ ਨੂੰ ਸੰਭਾਲਿਆ
ਸਿਖਰ ਦੁਪਹਿਰ ਸਿਰ'ਤੇ
ਮੇਰਾ ਗੀਤ ਸੁਣੀਂ ਪਰਛਾਂਵਿਆਂ

ਹਿਜਰਾਂ 'ਚ ਵੀ ਡੋਲਿਆ ਨਾ
ਸੁੱਕੇ ਰੋਟ ਤੇ ਚੂਰੀਆਂ ਦਾ ਜੇਰਾ
ਉਮਰਾਂ ਤਾਂ ਮੁੱਕਣਾ ਹੀ ਏ
ਨ ਡਰਾਉਂਦਾ ਇਹ ਦੂਰੀਆਂ ਦਾ ਨ੍ਹੇਰਾ
ਰੱਜ ਰੱਜ ਝੂਠ ਸੁਣੂਗਾ
ਮੇਰੇ ਸੱਚ ਜਦ ਉਸਨੂੰ ਲੁਭਾਲਿਆ
ਸਿਖਰ ਦੁਪਹਿਰ ਸਿਰ 'ਤੇ
ਮੇਰਾ ਗੀਤ ਸੁਣੀਂ ਪਰਛਾਂਵਿਆਂ

ਲੋਕਾਂ ਮੇਰੇ ਗੀਤ ਨ ਸੁਣੇ
ਮੇਰੇ ਦੁੱਖ ਕਰਕੇ ਮੈਨੂੰ ਜਾਣਿਆਂ
ਲੱਖਾਂ ਹੀ ਸੀਸ ਦੇਖਦੇ ਰਹੇ

ਮੇਰੇ ਦੁੱਖ ਦਾ ਸੁੱਖ ਨ ਪਛਾਣਿਆਂ
ਅੱਜ ਜਦ ਏਸ ਮੁੱਖੜੇ ਨੂੰ
ਖੋਲ੍ਹ ਖੋਲ੍ਹ ਪਿਆ ਮੈਂ ਦਿਖਾਵਾਂ
ਕਬਰਾਂ ਨੂੰ ਪੈਣ ਗਸ਼ੀਆਂ
ਜਦ ਅੱਖ ਨੇ ਆਪਾ ਲੈ ਪਛਾਣਿਆਂ
ਸਿਖਰ ਦੁਪਹਿਰ ਸਿਰ 'ਤੇ
ਮੇਰਾ ਗੀਤ ਸੁਣੀਂ ਪਰਛਾਂਵਿਆਂ...

## ਰੰਗ ਸੁਮੰਗਲ

ਰੰਗ ਸਲੋਨੇ
ਨੈਣਾਂ ਕੇ ਰੰਗ ਮੇਂ
ਸ਼ਾਮ ਝੂੰਮਦੀ
ਰੰਗ ਸ਼ਾਮ ਦਾ
ਰੰਗਿਆ ਰੰਗਿਆ
ਨੈਣਾਂ ਕੇ ਸੀਨੇ
ਜਿਉੜਾ ਬੈਠਾ
ਸੀਨੇ ਮੇਂ ਮੇਰੇ
ਸਖਾ ਪਿਆਰੇ
ਸਵਾਸ ਕੀ ਲੀਲਾ
ਕੇ ਸਖਾ ਸਾਰਥੀ
ਕਹੇ ਜਿਉੜਾ ਸਖਾ ਆਰਤੀ
ਗਾਵਣ ਸੁਰ ਸੁਹਾਣ
ਗਾਵਣ ਉਸਤਤ
ਗਾਵਣ ਗਾਣ
ਗਾਵਣ ਗੀਤ
ਨਿਰਸ਼ਬਦਾ
ਸੁਰ ਹੀ ਸੁਰ
ਤਾਰਾਮੰਡਲ ਕੇ ਦੇਸਾਂ
ਕਾ ਗੀਤ
ਧਰਤ ਕੀ ਬੋਸੀਆਂ ਕਰੈ
ਨੈਣਾਂ ਕਾ ਨੂਰ
ਕਰਤਾ ਕਰਤਾਰ
ਸ਼ਾਮ ਕੀ ਸੁਰਤਿ
ਮੇਂ ਅੰਮ੍ਰਿਤ ਵੇਲਾ
ਗੂੰਜ ਕਰੈ
ਸ਼ਾਮ ਕੋ ਨੈਣਾਂ ਸੇ
ਜੀਵਣ ਮਿਲਿਆ
ਜੀਵਣ ਮੇਂ ਧਰਤ
ਉਸ ਨੈਣੀਂ ਨੂਰ ਕੀ
ਹਰਕਤ ਹੁਈ
ਜਿਉੜੇ ਕੋ
ਸਖਾ ਪਿਆਰਾ ਮਿਲਿਆ
ਵਾਹੁ ਵਾਹੁ ਰੇ ਮਨਾਂ !
ਕਾਦਰ ਕੇ ਅਸੰਖਾਂ ਵੇਸ
ਹਰ ਹਰਕਤ ਮੇਂ ਵਸੇ ਅਭੇਖ।

# ਭਲੀ ਸੁਹਾਵੀ ਛਾਪਰੀ... (ਬਾਤਾਂ ਬੀਤੇ ਦੀਆਂ)



ਸੁਖਦੇਵ ਸਿੰਘ ਮਾਨ

ਜਦੋਂ ਵੀ ਸੰਤ ਸਿੰਘ ਸੇਖੋਂ ਦੀ ਜੀਵਨੀ 'ਉਮਰਾਂ ਦੇ ਪੰਧ' ਦੇ ਪੰਨੇ ਪਲਟਦਾ, ਇੱਕ ਪੰਨੇ 'ਤੇ ਨਜ਼ਰ ਅਟਕ ਜਾਂਦੀ। ਜਿਸ ਪੰਨੇ 'ਤੇ ਸੇਖੋਂ ਆਪਣੇ ਬਾਪੂ ਦੇ ਚਲਾਣੇ ਨੂੰ ਜ਼ਿੰਦਗੀ ਦੀ ਸਭ ਤੋਂ ਵੱਡੀ ਹਾਰ ਮੰਨਦਾ। ਜੀਵਨੀ ਵਿੱਚ ਖੁੱਭਿਆ ਮੈਂ ਵੀ ਬਾਪੂ ਦੇ ਤੁਰ ਜਾਣ ਮਗਰੋਂ ਵਕਤ ਦੀਆਂ ਪਈਆਂ ਮਾਰਾਂ ਨਾਲ ਹੱਥੋਪਾਈ ਹੁੰਦਾ ਇਸ ਤਰ੍ਹਾਂ ਮਹਿਸੂਸ ਕਰਦਾ, ਇਸ ਵਾਰ ਜਦੋਂ ਮੂਧੇ ਮੂੰਹ ਡਿੱਗਾਂਗਾ ਤਾਂ ਸ਼ਾਇਦ ਮੁੜ ਕੇ ਖੜ੍ਹਾ ਨਾ ਹੋ ਸਕਾਂ। ਪਰ ਪਤਾ ਨਹੀਂ ਕਿਸ ਕੋਨੇ ਵਿੱਚੋਂ ਸਮੇਂ ਦੀ ਕੋਈ ਤਾਕਤ ਜਾਂ ਕੋਈ ਨੇਕ ਬੰਦਾ ਮੇਰੀ ਬਾਂਹ ਆ ਫੜਦਾ। ਮੈਂ ਮੁੜ ਤੋਂ ਤੂਫ਼ਾਨਾਂ ਮੂਹਰੇ ਡਟ ਜਾਂਦਾ।

ਕਿਲੇ ਵਾਲੇ ਸ਼ਹਿਰ ਦੀ ਕਚਹਿਰੀ ਵਿੱਚ ਖਿੱਲਰੀ ਜ਼ਮੀਨ ਦੇ ਟੁਕੜੇ ਇਕੱਠੇ ਕਰਦਾ ਮਾਰਿਆ ਮਾਰਿਆ ਫਿਰ ਰਿਹਾ ਸਾਂ। ਕਚਹਿਰੀ ਦੇ ਪਲ ਪਲ ਬਦਲਦੇ ਤੇਵਰਾਂ ਨੂੰ ਸਮਝਣ ਤੋਂ ਅਸਮਰੱਥ ਸਾਂ। ਜਦੋਂ ਵੀ ਤਰੀਕ 'ਤੇ ਜਾਂਦਾ, ਵਕੀਲ ਦਾ ਮੁਨਸ਼ੀ ਮੈਨੂੰ ਦੂਰੋਂ ਹੀ ਖੜ੍ਹਾ ਦਿਸਦਾ। ਮੁਨਸ਼ੀ ਨੂੰ ਦੇਖ ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗਦਾ। ਆਈ ਤਰੀਕ 'ਤੇ ਮੁਨਸ਼ੀ ਮੇਰੇ ਮੋਢੇ 'ਤੇ ਹੱਥ ਮਾਰ ਕਹਿੰਦਾ, "ਦੇਵ ਸਿਆਂ, ਚਿੰਤਾ ਨਾ ਕਰ। ਇੱਥੋਂ ਦੀਆਂ ਤਾਂ ਕੰਧਾਂ ਵੀ ਪੈਸੇ ਮੰਗਦੀਆਂ। ਆਹ ਕਾਗਜ਼ ਤਾਂ ਸੌ ਰੁਪਈਏ ਦੀ ਮਾਰ ਆ। ਮਾਰ ਹੰਭਲਾ।" ਸ਼ਾਮ ਤਕ ਵਕੀਲਾਂ ਦੇ ਖੋਖਿਆਂ ਵਿਚਦੀ ਹੰਭਲੇ ਮਾਰਦਾ ਮੈਂ ਭੁੱਖ ਪਿਆਸ ਨਾਲ ਰੋਣ ਹਾਕਾ ਹੋ ਜਾਂਦਾ।

ਇੱਕ ਤਰੀਕ 'ਤੇ ਗਿਆ ਤਾਂ ਮੁਨਸ਼ੀ ਦਾ ਚਿਹਰਾ ਝਮਿਆ ਹੋਇਆ ਸੀ। ਕਹਿੰਦਾ, "ਮੁਰੱਬਾਬੰਦੀ ਵੇਲੇ ਦਾ ਬਸਤਾ ਮਾਲਖਾਨੇ ਵਿੱਚੋਂ ਕਢਵਾਉਣਾ ਪਊ। ਤੇਰੇ ਕਈ ਕਿੱਲਿਆਂ ਦੇ ਨੰਬਰ ਕਿਸੇ ਚਾਰ ਸਾਲੇ ਵਿੱਚ ਚੜ੍ਹਨੋਂ ਰਹਿ ਗਏ। ਇਹ ਵੀ ਚਾਰ ਕੁ ਸੌ ਦੀ ਮਾਰ ਆ। ਮਾਰ ਹੰਭਲਾ।" ਇਕ ਵਾਰੀ ਤਾਂ ਮੁਨਸ਼ੀ ਦਾ ਫਰਮਾਨ ਸੁਣ ਧਰਤੀ ਘੁੰਮਣ ਲੱਗ ਪਈ। ਮਾਲਖਾਨੇ ਦਾ ਪੁਰਾਣਾ ਰਿਕਾਰਡ ਹੰਘਾਲਣਾ ਖਾਲਾ ਜੀ ਦਾ ਵਾੜਾ ਨਹੀਂ ਸੀ। ਬਾਕੀ ਮੁਨਸ਼ੀ ਨੇ ਇਹ ਵੀ ਦੱਸ ਦਿੱਤਾ ਸੀ ਕਿ ਹੰਭਲਾ ਸੰਭਲ ਕੇ ਮਾਰਾਂ। ਮਾਲਖਾਨੇ ਦੀ ਜਰ ਜਰ ਇਮਾਰਤ ਵਿੱਚ ਸੱਪ ਤੇ ਠੂੰਹੇਂ ਵੀ ਬਹੁਤ ਸੀ। ਅਰਧ ਚਾਨਣੀ ਤੇ ਸਿੱਲ ਭਰੀ ਇਮਾਰਤ ਵਿੱਚ ਪੁਰਾਣਾ ਰਿਕਾਰਡ ਸਾਂਭਿਆ ਹੋਇਆ ਸੀ। ਇੱਕ ਵਾਰੀ ਤਾਂ ਜੀਅ ਵਿੱਚ ਆਇਆ, ਹੱਥ ਫੜੀ ਪਰਚੀ ਸੁੱਟ ਕੇ ਘਰ ਨੂੰ ਭੱਜ ਜਾਵਾਂ। ਟੁੱਟੇ ਦਿਲ ਨਾਲ ਮਾਲਖਾਨਾ ਇੰਚਾਰਜ ਦੀ ਮੁੱਠੀ ਗਰਮ ਕੀਤੀ। ਉਸ ਵੀ ਸੱਪਾਂ ਤੋਂ ਬਚਣ ਦੀ ਤੰਬੀਹ ਕੀਤੀ। ਜਿੱਥੇ ਹੋਰ ਡੰਗ ਵੱਜੀ ਜਾਂਦੇ ਸੀ, ਇੱਕ ਡੰਗ ਸੱਪ ਤੇ ਠੂੰਹਿਆਂ ਦਾ ਖਾਣ ਲਈ ਮੱਕੜੀਆ ਦੇ ਜਾਲਿਆਂ ਨਾਲ ਭਰੇ ਕਮਰੇ ਵਿੱਚ ਵੜਨ ਹੀ ਲੱਗਾ ਸਾਂ, ਕਿਸੇ ਨੇਕ ਬੰਦੇ ਨੇ ਮੇਰੀ ਬਾਂਹ ਆ ਫੜੀ। ਹਨੇਰੇ ਕਮਰੇ ਵਿੱਚ ਮੈਨੂੰ ਉਸ ਬੰਦੇ ਦਾ ਮੂੰਹ ਵੀ ਨਾ ਦਿਸਿਆ। ਪਰ ਉਸਦੇ ਬੋਲਾਂ ਵਿੱਚ ਮੱਚਦੇ ਭਾਂਬੜ ਵਰਗਾ ਸੇਕ ਸੀ। ਕਹਿੰਦਾ, ਵੀਰ, ਜੇ ਜੀਵਨ ਦੀ ਲੋਅ ਮਘਦੀ ਰੱਖਣੀ ਹੋਵੇ ਤਾਂ ਨਾਗਾਂ ਦੇ ਨਿਵਾਸ ਰਹਿਣਾ ਸਿੱਖ ਲੈਣਾ ਚਾਹੀਦਾ। ਆਦਮੀ ਮਹਾਨ ਨਹੀਂ ਹੁੰਦਾ। ਮਹਾਨ ਚੁਣੌਤੀਆਂ ਹੁੰਦੀਆਂ। ਚੁਣੌਤੀਆਂ ਕਬੂਲਣ ਵਾਲਾ ਮਹਾਨ ਬਣ ਜਾਂਦਾ।"

ਉਸ ਬੰਦੇ ਦੇ ਬੋਲਾਂ ਵਿਚਲੇ ਚਾਨਣ ਨੇ ਅੰਧੇਰੇ ਭਰੇ ਕਮਰੇ ਵਿੱਚ ਵੀ ਰੌਸ਼ਨੀ ਕਰ ਦਿੱਤੀ। ਅਸੀਂ ਪੁਰਾਣੀ ਪੋਟਲੀ ਭਾਲ ਕੇ ਹੀ ਦਮ ਲਿਆ। ਬਾਹਰ ਆ ਕੇ ਉਸਨੇ ਦੱਸਿਆ ਕਿ ਉਹ ਘੁੰਮਣ ਪਿੰਡ ਦਾ ਜੱਗਰ ਹੈ। ਗੁਰਦਿਆਲ ਸਿੰਘ ਦੇ ਨਾਵਲ ਪਰਸੇ ਵਰਗੇ ਦ੍ਰਿੜ੍ਹ ਬੋਲਾਂ ਵਾਲੇ ਉਸ ਬੰਦੇ ਦਾ ਕਚਹਿਰੀਆਂ ਵੱਲ ਜਾਂਦੇ ਦਾ ਖੜਕਦਾ ਖੂੰਡਾ ਮੈਂ ਮੰਤਰ ਮੁਗਧ ਹੋ ਕੇ ਦੇਖਦਾ ਰਿਹਾ।

ਸੰਖੇਪ ਜਿਹੀ ਮੁਲਾਕਾਤ ਗਹਿਰੇ ਲਗਾਅ ਵਿੱਚ ਬਦਲ ਗਈ। ਮੈਂ ਜੱਗਰ ਦੇ ਪਿੰਡ ਗਿਆ। ਜਰ ਜਰ ਹਾਲਤ ਵਿੱਚ ਉਸਦਾ ਘਰ ਸੀ। ਹਾਂ, ਉਸਦੇ ਬਾਰ ਮੂਹਰੇ ਖੜ੍ਹਾ ਬੋਹੜ ਜ਼ਰੂਰ ਬੜਾ ਸ਼ਾਨਦਾਰ ਸੀ। ਜ਼ਮੀਨ ਵੀ ਨਾ ਮਾਤਰ। ਇੱਕ ਮੁੰਡਾ ਵਿਆਹਿਆ ਹੋਇਆ ਸੀ। ਮੈਨੂੰ ਘਰ ਵਿੱਚ ਫਿਰਦੀ ਨੂੰਹ ਪੰਜਾਬਣ ਨਾ ਜਾਪੀ। ਜੱਗਰ ਨੇ ਆਪ ਹੀ ਘੁੰਢੀ ਖੋਲ੍ਹੀ, "ਮੇਰੀ ਨੂੰਹ ਬੰਗਾਲ ਦੀ ਧੀ ਹੈ। ਮਾਣ ਵਾਲੀ ਗੱਲ ਹੈ, ਇਹ ਪੰਜਾਬੀ ਬੜੀ ਸੋਹਣੀ ਬੋਲਦੀ ਆ। ਤੜਕੇ ਉੱਠ ਕੇ ਸਾਡੇ ਦੋਹਾਂ ਜੀਆਂ ਦੇ ਪੈਰੀਂ ਹੱਥ ਲਾਉਂਦੀ ਆ। ਘਰ ਦਾ ਸਾਰਾ ਕੰਮ ਪੈਰਾਂ ਹੱਥਾਂ ਨਾਲ ਲਾ ਕੇ ਲੈ ਜਾਂਦੀ ਆ।"

ਮੇਰੀ ਨਜ਼ਰ ਜਰ ਜਰ ਘਰ ਨਾਲ ਖੜ੍ਹੀ ਧੜਵੈਲ ਕੋਠੀ ਵੱਲ ਗਈ। ਜੱਗਰ ਬੋਲਿਆ, "ਇਹ ਮੇਰੇ ਬੈਂਕ ਮਨੇਜ਼ਰ ਭਰਾ ਦੀ ਕੋਠੀ ਆ। ਭਰਜਾਈ ਮੇਰੀ ਤੁਰ ਗਈ। ਭਤੀਜੇ ਕਨੇਡਾ ਵਿੱਚ ਹੋਰ ਪੈਸਾ ਕਮਾਉਣ ਗਏ ਆ। ਵੈਸੇ ਭਾਈ ਕੋਲ ਇੱਥੇ ਵੀ ਬਹੁਤ ਪੈਸਾ ਆ। ਪਰ ਬੰਦਿਆਂ ਦੀ ਤਮ੍ਹਾਂ ਦਾ ਕੀ ਕੀਤਾ ਜਾਵੇ? ਪਰ ਬਾਈ ਨੇ ਇੱਕ ਗੱਲ ਮਾੜੀ ਕੀਤੀ, ਕੋਠੀ ਦੀ ਇੱਕ ਵੀ ਬਾਰੀ ਸਾਡੇ ਵੱਲ ਨਹੀਂ ਰੱਖੀ। ਅਸੀਂ ਬੇਸ਼ਕ ਗਰੀਬ ਆਂ, ਪਰ ਸਾਡੇ ਜਿਗਰੇ ਪਰਾਤਾਂ ਜਿੱਡੇ ਆ। ਕੋਈ ਵਕਤ ਆਉਂਦਾ, ਜਦੋਂ ਟੁੱਟੀਆਂ ਬਾਹਾਂ ਗਲ਼ ਨੂੰ ਆਉਂਦੀਆਂ ...।" ਆਖ਼ਰੀ ਵਾਕ ਆਖਦਿਆਂ ਜੱਗਰ ਦੇ ਕੋਇਆਂ ਵਿੱਚ ਪਾਣੀ ਸਿੰਮ ਆਇਆ। ਮਾਹੌਲ ਬੋਝਲ ਬਣ ਗਿਆ। ਪਰ ਜੱਗਰ ਦੇ ਬੋਹੜ ਹੇਠ ਖੇਡਦੇ ਦੋਵੇਂ ਪੋਤਰਿਆਂ ਨੇ ਸਾਡੇ ਵਿਚਕਾਰ ਆ ਆਲਾ ਦੁਆਲਾ ਖੁਸ਼ਨੁਮਾ ਬਣਾ ਦਿੱਤਾ। ਮੁੰਡਿਆਂ ਦੀ ਬੰਗਾਲੀ ਤੇ ਪੰਜਾਬੀ ਨਕਸ਼ਾਂ ਦੀ ਦਿੱਖ ਦੇਖਿਆਂ ਹੀ ਬਣਦੀ ਸੀ।

ਇੱਕ ਦਿਨ ਸੁਨੇਹਾ ਮਿਲਿਆ। ਕਿਸੇ ਗਰੀਬ ਦੀ ਮਦਦ 'ਤੇ ਆਏ ਜੱਗਰ ਦੀ ਪੁਲਿਸ ਨਾਲ ਤਕਰਾਰ ਹੋ ਗਈ। ਕੇਸ ਪੈ ਗਿਆ। ਬਖ਼ਸ਼ੀਖਾਨੇ ਮਿਲਣ ਗਿਆ। ਜੱਗਰ ਕਹਿੰਦਾ, "ਪੁਲਸ ਨੇ ਆਪਣੀ ਤੋਰ ਤੁਰਨਾ ਤੇ ਅਸੀਂ ਆਪਣੀ। ਬੱਸ ਹਾਥੀ ਦੀ ਤੋਰ ਯਾਦ ਰੱਖਿਆ ਕਰੋ।" ਉਸ ਜੇਬ੍ਹ ਵਿੱਚੋਂ ਇੱਕ ਕਤਰਨ ਕੱਢੀ। ਅਖ਼ਬਾਰ ਦੀ ਫ਼ੋਟੋ ਸੀ। "ਆਹ ਉੱਗੀ ਪਿੰਡ ਦੇ ਲੋਕ ਨੇ। ਖੇਤਾਂ ਦੇ ਪੁੱਤ ਪਾਸ਼ ਨੂੰ ਮੋਮਬੱਤੀਆਂ ਬਾਲ ਕੇ ਯਾਦ ਕਰ ਰਹੇ ਆ। ਪਾਸ਼ ਹਰ ਰੋਜ਼ ਜਿਉਂਦਾ ਹੋ ਰਿਹਾ। ਕਿਸੇ ਦਿਨ ਇਸ ਬੰਦੇ ਦੇ ਨਾਂ 'ਤੇ ਮੇਲੇ ਭਰਿਆ ਕਰਨਗੇ। ਦੋ ਤੱਤਾਂ ਦੇ ਪੁਨਰ ਜਨਮ ਬਾਰੇ ਤਾਂ ਮੈਂ ਵੀ ਪੜ੍ਹਿਆ। ਇੱਕ ਤਾਂ ਅੰਬਰ ਦਾ ਤਾਰਾ ਜਦੋਂ ਆਪਣੀ ਅਥਾਹ ਊਰਜਾ ਨਾਲ ਧਮਾਕਾ ਕਰਦਾ ਤਾਂ ਉਹਦੇ ਮਲਬੇ ਵਿੱਚੋਂ ਨਵਾਂ ਸਿਤਾਰਾ ਪੈਦਾ ਹੁੰਦਾ। ਇੱਕ ਪਾਸ਼ ਵਰਗੇ ਬੰਦੇ, ਜਿਹੜੇ ਸਮਾਜ ਦੀ ਹਿੱਕ 'ਤੇ ਪੈਰ ਧਰ ਕੇ ਨਿੱਤ ਜਵਾਨ ਹੁੰਦੇ ਆ ...।" ਜੱਗਰ ਕੇਸ ਵਿੱਚੋਂ ਵੀ ਬਾਹਰ ਆ ਗਿਆ। ਮਿਲਣ ਗਿਆ ਤਾਂ ਬੋਹੜ ਹੇਠ ਪਰਿਵਾਰ ਦੇ ਨਾਲ ਅਧਰੰਗ ਦੇ ਦੌਰੇ ਮਗਰੋਂ ਕਮਜ਼ੋਰ ਪਿਆ ਮਨੇਜਰ ਭਰਾ ਵੀ ਪਿਆ ਸੀ। ਜੱਗਰ ਦੀ ਨੂੰਹ ਮਨੇਜ਼ਰ ਦੀ ਅਧਰੰਗ ਨਾਲ ਨੁਕਸਾਨੀ ਬਾਂਹ ਦੀ ਮਾਲਿਸ਼ ਕਰ ਰਹੀ ਸੀ। ਚਾਹ ਫੜਾਉਂਦਿਆਂ ਜੱਗਰ ਕਹਿੰਦਾ, "ਇਕ ਰਾਤ ਬਾਈ ਬਿਮਾਰ ਹੋ ਗਿਆ। ਸਾਨੂੰ ਸਵੇਰੇ ਪਤਾ ਲੱਗਾ। ਚੁੱਕ ਕੇ ਹਸਪਤਾਲ ਭੱਜੇ। ਲਾਕ ਡੌਨ ਕਰ ਕੇ ਭਤੀਜੇ ਵੀ ਆਉਣ ਤੋਂ ਅਸਮਰੱਥ ਸੀ। ਮੁਸ਼ਕਲ ਨਾਲ ਜਾਨ ਬਚੀ। ਹੁਣ ਭਾਈ ਇੰਨਾ ਡਰ ਗਿਆ, ਟੁੱਟੇ ਫੁੱਟੇ ਲਫ਼ਜ਼ਾਂ ਵਿੱਚ ਸਾਨੂੰ ਆਖਦਾ, ਕੋਠੀ ਨਹੀਂ ਜਾਣਾ। ਇੱਥੇ ਈ ਰਹਿਣਾ।"

ਜੱਗਰ ਵੱਲ ਦੇਖ ਮੈਂ ਸੋਚਣ ਲੱਗਾ, ਜਿਵੇਂ ਸਰਬੱਤ ਦਾ ਭਲਾ ਚਾਹੁਣ ਵਾਲਾ ਤੁਰ ਗਿਆ ਪੰਜਾਬ ਮੁੜ ਪਰਤ ਆਇਆ ਹੋਵੇ।

# ਬਾਪੂ ਵੀ ਇਹੀ ਕਹਿੰਦਾ ਹੁੰਦਾ ਸੀ



ਹਰਦੀਪ ਸਿੰਘ ਜਟਾਣਾ

ਮੈਂ ਆਪਣੇ ਦੋਸਤ ਨੂੰ ਮਿਲਣ ਉਸਦੇ ਘਰ ਗਿਆ ਤਾਂ ਦੇਖਿਆ ਮਾਹੌਲ ਕਾਫੀ ਤਲਖੀ ਵਾਲਾ ਸੀ। ਚੰਗੇ ਪਰਿਵਾਰਕ ਸਬੰਧ ਹੋਣ ਕਾਰਨ ਮੇਰੇ ਸਿੱਧਾ ਹੀ ਘਟਨਾ ਸਥਲ 'ਤੇ ਪੁੱਜ ਜਾਣ ਕਰਕੇ ਉਹ ਸੰਭਲ ਵੀ ਨਹੀਂ ਸਨ ਸਕੇ ਕਿ ਥੋੜ੍ਹੀ ਬਹੁਤੀ ਅਵਾਜ਼ ਹੀ ਨੀਵੀਂ ਕਰ ਲੈਂਦੇ। ਮੇਰਾ ਦੋਸਤ ਮੋਬਾਇਲ ਅਤੇ ਕੰਪਿਊਟਰ ਦੀ ਹੱਦੋਂ ਵੱਧ ਵਰਤੋਂ ਕਰਨ ਵਾਲੇ ਆਪਣੇ ਪੁੱਤ ਨੂੰ ਵਰਜਣ ਲਈ ਕੌੜੀ ਭਾਸ਼ਾ ਤੱਕ ਜਾ ਪੁੱਜਾ ਸੀ। ਮੈਨੂੰ ਦੇਖ ਕੇ ਮੇਰੇ ਮਿੱਤਰ ਨੇ ਮੇਰੇ ਵੱਲ ਰੁਖ ਕਰਦਿਆਂ ਕਿਹਾ, "ਵੇਖ ਯਾਰ ਜਟਾਣੇ, ਕਿਹੋ ਜਿਹਾ ਜ਼ਮਾਨਾ ਆ ਗਿਆ! ਬੱਚੇ ਕੋਈ ਚੱਜ ਦੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ। ਕਿੰਨੀ ਵਾਰ ਮੈਂ ਇਹ ਨੂੰ ਰੋਕਿਐ ਬਈ ਤੂੰ ਆਹ ਫੋਨ ਨਾਲ ਹਰ ਵਕਤ ਚਿੱਚੜ ਬਣਨ ਵਾਲੀ ਆਦਤ ਛੱਡ ਕੇ ਪੜ੍ਹਾਈ ਵੱਲ ਧਿਆਨ ਕਰ। ਜੇ ਮੱਲੋ ਮੱਲੀ ਫੋਨ ਫੜ ਲਈਏ ਤਾਂ ਇਹ ਕੰਪਿਊਟਰ ਨੂੰ ਚਿੰਬੜ ਜਾਂਦੈ। ਬਿਜਲੀ ਨਾ ਹੋਵੇ ਤਾਂ ਮੋਟਰ ਸਾਇਕਲ ਭਜਾਈ ਫਿਰਦੈ। ਮੈਂ ਤਾਂ ਅੱਕ ਗਿਆਂ ਗੰਦੀ ਔਲਾਦ ਤੋਂ ... ਜੀਅ ਕਰਦੈ ਫਾਹਾ ਲੈ ਲਵਾਂ।"

ਗਰਮ ਮਾਹੌਲ ਨੂੰ ਠੰਢਾ ਕਰਨ ਦੇ ਇਰਾਦੇ ਨਾਲ ਮੈਂ ਆਪਣੇ ਦੋਸਤ ਦੇ ਮੁੰਡੇ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਕੋਲ ਪਏ ਸੋਫੇ 'ਤੇ ਜਾ ਬੈਠਾ। ਸਾਡੇ ਪਿੱਛੇ ਹੀ ਮੇਰਾ ਦੋਸਤ ਵੀ ਆ ਗਿਆ। ਮੁੰਡੇ ਨੂੰ ਪੁਚਕਾਰਦੇ ਹੋਏ ਮੈਂ ਕਿਹਾ, "ਬੇਟਾ, ਜਦੋਂ ਤੇਰੇ ਮੰਮੀ ਪਾਪਾ ਤੈਨੂੰ ਫਾਲਤੂ ਦੇ ਕੰਮ ਕਰਨ ਤੋਂ ਰੋਕਦੇ ਨੇ ਤਾਂ ਤੂੰ ਰੁਕਦਾ ਕਿਉਂ ਨਹੀਂ? ਬੱਚੇ, ਮਾਂ ਬਾਪ ਜ਼ੁਬਾਨ ਦੇ ਕੌੜੇ ਤਾਂ ਹੋ ਸਕਦੇ ਨੇ ਪਰ ਦਿਲ ਦੇ ਮਾੜੇ ਨਹੀਂ ਹੁੰਦੇ। ਇਹ ਜੋ ਵੀ ਆਂਹਦੇ ਨੇ ਤੇਰੇ ਭਲੇ ਲਈ ਹੀ ਤਾਂ ਆਂਹਦੇ ਨੇ। ਤੂੰ ਅਜੇ ਛੋਟੈਂ ਪਰ ਤੇਰਾ ਬਾਪੂ ਵੱਡੀ ਉਮਰ ਕਾਰਨ ਤਜ਼ਰਬਾ ਵੱਧ ਰੱਖਦੈ। ਇਸਦੀਆਂ ਜਿਹੜੀਆਂ ਗੱਲਾਂ ਤੈਨੂੰ ਅੱਜ ਬੁਰੀਆਂ ਲੱਗਦੀਆਂ ਨੇ, ਇਹੀ ਗੱਲਾਂ ਦਸਾਂ ਪੰਦਰ੍ਹਾਂ ਸਾਲਾਂ ਨੂੰ ਘਿਉ ਵਰਗੀਆਂ ਲੱਗਿਆ ਕਰਨਗੀਆਂ। ਪਰ ਜੇ ਤੂੰ ਅੱਜ ਵਕਤ ਨਾ ਸੰਭਾਲਿਆ ਤਾਂ ਪਛਤਾਵੇ ਬਿਨਾਂ ਕੁਝ ਵੀ ਨਹੀਂ ਬਚਣਾ। ਚੱਲ ਕਰ ਆਪਣੇ ਪਿਤਾ ਜੀ ਨਾਲ ਵਾਅਦਾ ਕਿ ਅੱਗੇ ਤੋਂ ਉਨ੍ਹਾਂ ਦੀ ਹਰ ਚੰਗੀ ਗੱਲ ਮੰਨੇਗਾ।"

ਪਤਾ ਨਹੀਂ ਸਾਡੇ ਚੰਗੇ ਪਰਿਵਾਰਕ ਸਬੰਧਾਂ ਕਰਕੇ, ਪਤਾ ਨਹੀਂ ਕਿਸੇ ਹੋਰ ਡੋਪ ਵਿਚ ਉਹ ਮੁੰਡਾ ਸਾਡੇ ਨਾਲ ਸਹਿਮਤ ਹੋ ਗਿਆ। ਮੁੰਡੇ ਦੇ ਗਲਤੀ ਮੰਨਣ ਅਤੇ ਸਹਿਮਤੀ ਦੇਣ ਬਾਅਦ ਮਾਹੌਲ ਸ਼ਾਂਤ ਹੋ ਗਿਆ। ਮੁੰਡਾ ਉੱਠ ਕੇ ਮੇਰੇ ਲਈ ਪਾਣੀ ਲੈ ਆਇਆ। ਮੈਂ ਆਪਣੇ ਦੋਸਤ ਨੂੰ ਆਪਣਾ ਕੰਮ ਦੱਸਿਆ ਅਤੇ ਕੁਝ ਸਮਾਂ ਗੱਲਾਂਬਾਤਾਂ ਕਰਨ ਬਾਅਦ ਉੱਥੋਂ ਵਾਪਸ ਤੁਰ ਪਿਆ।

ਰਸਤੇ ਵਿਚ ਆਉਂਦਿਆਂ ਮੈਨੂੰ ਮੇਰੇ ਦਾਦਾ ਜੀ ਯਾਦ ਆ ਗਏ। ਪੜ੍ਹੇ ਲਿਖੇ ਤਾਂ ਭਾਵੇਂ ਉਹ ਨਾ ਮਾਤਰ ਹੀ ਸਨ ਪਰ ਜਿੰਨਾ ਵੀ ਅੱਖਰ ਗਿਆਨ ਸੀ ਉਹ ਸੀ ਇੱਟ ਵਰਗਾ ਪੱਕਾ। ਜਦੋਂ ਮੈਂ ਬਜ਼ੁਰਗਾ ਅਵਸਥਾ ਦੌਰਾਨ ਉਨ੍ਹਾਂ ਵੱਲੋਂ ਆਪਣੇ ਪਿਤਾ ਜੀ ਹੋਰਾਂ ਅਤੇ ਚਾਚਿਆਂ-ਤਾਇਆਂ ਨੂੰ ਦਿੱਤੀਆਂ ਜਾਂਦੀਆਂ ਨਸੀਹਤਾਂ ਯਾਦ ਕੀਤੀਆਂ ਤਾਂ ਮੈਨੂੰ ਅੱਜ ਵਾਲੇ ਮੁੰਡੇ ਦੀ ਥਾਂ ਖੜ੍ਹੇ ਮੇਰੇ ਪਿਤਾ ਜੀ ਹੋਰੀਂ ਯਾਦ ਆ ਗਏ। ਦਾਦੇ ਦੀਆਂ ਨਸੀਹਤਾਂ ਦੇ ਪਵਿੱਤਰ ਜਲ ਨੇ ਪਰਿਵਾਰ ਦੀ ਬਗੀਚੀ ਅਜਿਹੀ ਭਰੀ ਕਿ ਪਰਿਵਾਰ ਵਿਚ ਚਾਲੀ ਮੈਂਬਰੇ ਬਾਗ ਨੇ ਦਿਨ ਰਾਤ ਤਰੱਕੀ ਕਰਕੇ ਅਸਮਾਨ ਛੋਹੇ।

ਦਾਦੇ ਦੀ ਮੌਤ ਤੋਂ ਬਾਅਦ ਮੇਰੇ ਦਾਦੇ ਵਾਲਾ ਨਸੀਹਤਾਂ ਦਾ ਸੰਦੂਕ ਮੇਰੇ ਪਿਤਾ ਜੀ ਹੋਰਾਂ ਨੇ ਸੰਭਾਲ ਲਿਆ। ਫੇਰ ਆਪਣੇ ਪਿਤਾ ਅਤੇ ਚਾਚੇ ਤਾਇਆਂ ਵਾਲੇ ਕਟਹਿਰੇ ਵਿਚ ਮੈਂ ਖੁਦ ਨੂੰ ਖੜ੍ਹਾ ਦੇਖਿਆ। ਮੈਨੂੰ ਉਹ ਦਿਨ ਯਾਦ ਆ ਗਏ ਜਦੋਂ ਨਿੱਕੀ ਮੋਟੀ ਕਿਸੇ ਵੀ ਗਲਤੀ ਲਈ ਪਰਿਵਾਰ ਦੇ ਮੁਖੀਆਂ ਅਤੇ ਵੱਡੇ ਮੈਂਬਰਾਂ ਤੋਂ ਝਿੜਕਾਂ ਪੈਣੀਆਂ ਅਤੇ ਨਾਲ ਹੀ ਨਸੀਹਤਾਂ ਦਾ ਮੀਂਹ ਵਰ੍ਹਨਾ। ਕਦੇ ਘੱਟ ਪੜ੍ਹਨਾ ਜਾਂ ਸਵੇਰ ਵੇਲੇ ਦੇਰ ਨਾਲ ਜਾਗਣਾ ਤਾਂ ਬਾਪੂ ਹੋਰਾਂ ਵੱਲੋਂ ਦਿੱਤੀ ਜਾਂਦੀ ਬੇਸ਼ਰਮੀ ਭਿੱਜੀ ਨਸੀਹਤ ਅੱਜ ਵੀ ਚੇਤੇ ਹੈ। ਖੇਤੀਬਾੜੀ ਦੇ ਕੰਮ ਦੇ ਜ਼ੋਰ ਵਾਲੇ ਦਿਨਾਂ ਵਿੱਚ ਸਾਡੀ ਪਾੜ੍ਹਕੂਆਂ ਦੀ ਡਿਊਟੀ ਘਰ ਦੇ ਕੰਮਾਂ ਅਤੇ ਡੰਗਰ ਪਸ਼ੂਆਂ 'ਤੇ ਹੁੰਦੀ ਸੀ। ਬਚਪਨੇ ਦੀਆਂ ਖੇਡਾਂ ਵਿਚ ਮਸਤ ਹੋ ਕੇ ਕੋਈ ਜ਼ਰੂਰੀ ਕੰਮ ਭੁੱਲ ਜਾਂਦੇ ਤਾਂ ਸਾਡੇ ਨਾਲ ਉਹ ਕੁੱਤੇ ਖਾਣੀ ਹੋਣੀ, ਰਹੇ ਰੱਬ ਦਾ ਨਾਮ। ਕਦੇ ਕਦੇ ਮਾਂ ਨਸੀਹਤਾਂ ਵਾਲੇ ਮੈਡਲ ਵਜੋਂ ਪੈਰ ਵਾਲੀ ਚੱਪਲ ਜਾਂ ਹੱਥ ਵਾਲਾ ਵੇਲਣਾ ਹੀ ਵਗਾਹ ਮਾਰਦੀ ਹੁੰਦੀ ਸੀ। ਪਰ ਦੋ ਪਈਆਂ ਵਿਸਰ ਗਈਆਂ, ਆਖ ਕੇ ਅੱਗੇ ਤੋਂ ਗਲਤੀ ਨਾ ਕਰਨ ਦਾ ਇਕਰਾਰ ਕਰਕੇ ਖਹਿੜਾ ਛੁਡਾ ਲੈਂਦੇ ਹੁੰਦੇ ਸੀ।

ਅੱਜ ਜਦੋਂ ਦਾਦੇ-ਦਾਦੀ, ਮਾਂ-ਪਿਉ ਅਤੇ ਚਾਚੇ-ਤਾਇਆਂ ਵੱਲੋਂ ਦਿੱਤੀਆਂ ਮਿਹਨਤ ਕਰਨ ਦੀਆਂ ਨਸੀਹਤਾਂ ਕਾਰਨ ਕਾਟੋ ਫੁੱਲਾਂ 'ਤੇ ਖੇਡਦੀ ਹੈ ਤਾਂ ਬੜਾ ਯਾਦ ਆਉਂਦਾ ਹੈ ਉਹ ਵਕਤ ਕਿ ਜੇਕਰ ਉਨ੍ਹਾਂ ਵੇਲਿਆਂ ਵਿਚ ਬਾਪੂ ਹੋਰਾਂ ਦੀਆਂ ਨਾ ਮੰਨਦੇ ਤਾਂ ਕਦੋਂ ਦੇ ਰੁਲ ਖੁਲ ਗਏ ਹੁੰਦੇ। ਇਹ ਬਾਪੂ ਹੋਰਾਂ ਦੀਆਂ ਤਜ਼ਰਬੇ ਦੇ ਖੇਤਾਂ ਵਿੱਚ ਪੈਦਾ ਕਰਕੇ ਸਾਨੂੰ ਵੰਡੀਆਂ ਨਸੀਹਤਾਂ ਦਾ ਹੀ ਕਮਾਲ ਹੈ ਕਿ ਉਨ੍ਹਾਂ ਅਤੇ ਰੱਬ ਦੀ ਮਿਹਰ ਨਾਲ ਗੱਡੀ ਟਾਪ ਗੇਅਰ ਵਿੱਚ ਚੱਲਦੀ ਹੈ।

ਮੇਰੀ ਅੱਜ ਦੀ ਨੌਜਵਾਨ, ਗੁੱਸੇਖੋਰ ਪੀੜ੍ਹੀ ਨੂੰ ਪੁਰਜ਼ੋਰ ਅਪੀਲ ਹੈ ਕਿ ਐਵੇਂ ਨਿੱਕੀਆਂ ਮੋਟੀਆਂ ਝਿੜਕਾਂ 'ਤੇ ਹੀ ਮੂੰਹ ਮੋਟਾ ਕਰਕੇ ਗ਼ਲਤ ਰਸਤਿਆਂ 'ਤੇ ਨਾ ਤੁਰ ਪਿਆ ਕਰੋ। ਅੱਜ ਜਿਸ ਥਾਂ ਤੁਹਾਡੇ ਵੱਡੇ ਹਨ, ਅਗਲੇ ਸਾਲਾਂ ਵਿਚ ਇਹ ਤਖਤ ਤੁਹਾਡੇ ਹੇਠ ਹੋਵੇਗਾ। ਜਿਵੇਂ ਸਾਡੇ ਬਾਪੂ ਹੋਰੀਂ ਸਾਨੂੰ ਵਰਜਿਆ ਕਰਦੇ ਸਨ, ਉਵੇਂ ਹੀ ਅਸੀਂ ਅੱਜ ਤੁਹਾਨੂੰ ਵਰਜ ਰਹੇ ਹਾਂ, ਅਤੇ ਅੱਗੇ ਤੁਸੀਂ ਵੀ ਇਵੇਂ ਹੀ ਕਰਨਾ ਹੈ। ਪਰਿਵਾਰਕ, ਖੂਨ ਅਤੇ ਸਮਾਜਿਕ ਮੋਹ ਦੇ ਰਿਸ਼ਤਿਆਂ ਵਾਲੇ ਰਾਹਾਂ 'ਤੇ ਚੱਲਦੀ ਨਸੀਹਤਾਂ ਦੀ ਇਹ ਰੇਲ ਕਦੇ ਵੀ ਰੁਕਣ ਵਾਲੀ ਨਹੀਂ ਅਤੇ ਨਾ ਹੀ ਰੁਕਣੀ ਚਾਹੀਦੀ ਹੈ।

(ਕਹਾਣੀ)

# ਜਾਗੀ ਹੋਈ ਆਤਮਾ



ਹਰਬਖ਼ਸ਼ ਮਕਸੂਦਪੁਰੀ

ਪਿਛਲੇ ਸਾਲ ਜਦੋਂ ਮੈਂ ਉੱਤਰਾਂਚਲ ਵਿਚ ਰਹਿੰਦੇ ਆਪਣੇ ਬੜੇ ਭਰਾ ਮਲਕੀਤ ਸਿੰਘ ਰੌਸ਼ਨ ਨੂੰ ਮਿਲਣ ਗਿਆ ਤਾਂ ਉਸਨੇ ਇਕ ਸਜੇ ਫਬੇ ਛੀਟਕੇ ਜਿਹੇ 30 ਕੁ ਸਾਲ ਦੀ ਉਮਰ ਦੇ ਬੰਦੇ ਨਾਲ ਅਨੋਖੇ ਜਿਹੇ ਢੰਗ ਨਾਲ ਜਾਣ ਪਛਾਣ ਕਰਵਾਈ, "ਇਹਨੂੰ ਮਿਲ, ਇਹ ਅਜਮੇਰ ਸਿੰਘ ਦਾ ਭਰਾ ਬਲਬੰਤ ਹੈ।"

ਮੈਂ ਬਲਬੰਤ ਨਾਲ ਹੱਥ ਮਿਲਾਉਂਦਿਆਂ ਹੋਇਆਂ ਪਹਿਲਾਂ ਆਪਣੇ ਭਰਾ ਦੇ ਮੂੰਹ ਵੱਲ ਦੇਖਿਆ ਤੇ ਫੇਰ ਬਲਬੰਤ ਦੇ ਮੂੰਹ ਵੱਲ, ਇਹ ਦੇਖਣ ਲਈ ਕਿ ਇਸ ਤਰ੍ਹਾਂ ਮੁਲਾਕਾਤ ਕਰਵਾਉਣ ਪਿੱਛੇ ਕੀ ਕਾਰਨ ਹੋਵੇਗਾ। ਮੈਂ ਦੇਖਿਆ ਕਿ ਅਜਮੇਰ ਸਿੰਘ ਦੇ ਨਾਉਂ ਦੇ ਜ਼ਿਕਰ ਨਾਲ ਦੋਹਾਂ ਦੇ ਮੂੰਹਾਂ ਉੱਤੇ ਅਜੀਬ ਜਿਹਾ ਜਲਾਲ ਆ ਗਿਆ ਸੀ। ਇਸ ਜਲਾਲ ਪਿੱਛੇ ਕੀ ਕਾਰਨ ਹੋਣਗੇ? ਕੁਝ ਤਾਂ ਹੋਵੇਗਾ ਹੀ ਅਜਮੇਰ ਸਿੰਘ ਦੇ ਨਾਉਂ ਨਾਲ ਅਜਿਹਾ ਜੁੜਿਆ ਹੋਇਆ। ਮੇਰੇ ਅੰਦਰ ਉਸ ਵਾਰੇ ਜਾਨਣ ਦੀ ਉਤਸਕਤਾ ਜਾਗਣੀ ਹੀ ਸੀ। ਰਸਮੀ ਗੱਲਾਂ ਬਾਤਾਂ ਪਿੱਛੋਂ ਮੈਂ ਆਪਣੇ ਭਰਾ ਤੋਂ ਅਜਮੇਰ ਸਿੰਘ ਬਾਰੇ ਜਾਣਨ ਦੀ ਇੱਛਾ ਪਰਗਟ ਕੀਤੀ।

ਉਸਨੇ ਲੰਮਾ ਸਾਹ ਲੈਂਦਿਆਂ ਹੋਇਆਂ ਦੱਸਿਆ, "ਇੱਕ ਜਾਗੀ ਹੋਈ ਆਤਮਾ ਸੀ ਅਜਮੇਰ ਸਿੰਘ, ਜਿਸ ਨੇ ਇਹ ਫੈਸਲਾ ਕਰ ਲਿਆ ਸੀ ਕਿ ਭਾਵੇਂ ਕੁੱਝ ਵੀ ਹੋ ਜਾਵੇ, ਉਹ ਕਹੇਗਾ ਤੇ ਕਰੇਗਾ ਉਹੀ ਜੋ ਉਸਦੀ ਆਤਮਾ ਕਹੇਗੀ। ਇਸ ਫੈਸਲੇ ਪਿੱਛੋਂ ਉਹ ਜਿੰਨਾ ਚਿਰ ਵੀ ਜੀਵਿਆ ਆਪਣੇ ਅਹਿਦ ਤੇ ਕਾਇਮ ਰਿਹਾ। ਕਾਸ਼! ਉਹ ਲੰਮਾ ਸਮਾਂ ਜੀਅ ਸਕਦਾ। ਉਹ ਹੁਣ ਇਸ ਦੁਨੀਆ ਵਿਚ ਨਹੀਂ ਰਿਹਾ।"

ਮੈਂ ਦੇਖਿਆ ਮਲਕੀਤ ਸਿੰਘ ਤੇ ਬਲਬੰਤ ਦੋਹਾਂ ਦੀਆਂ ਅੱਖਾਂ ਵਿਚ ਅਥਰੂ ਆ ਗਏ ਸਨ। ਅਜਮੇਰ ਸਿੰਘ ਦੀ ਜਿਹੜੀ ਕਹਾਣੀ ਉਨ੍ਹਾਂ ਨੇ ਮੈਨੂੰ ਦਸੀ ਸੀ, ਅੱਜ ਮੈਂ ਉਹ ਤੁਹਾਨੂੰ ਇੰਨ-ਬਿੰਨ ਦੱਸਦਾ ਹਾਂ।

ਅਜਮੇਰ ਸਿੰਘ ਉੱਤਰਆਂਚਲ ਦੇ ਜ਼ਿਲ੍ਹਾ ਊਧਮ ਸਿੰਘ ਨਗਰ ਦੇ ਇਕ ਛੋਟੇ ਜਿਹੇ ਪਿੰਡ ਦੇ ਇੱਕ ਖਾਂਦੇ ਪੀਂਦੇ ਪੰਜਾਬੀ ਜ਼ਿਮੀਂਦਾਰ ਦਾ ਹੋਣਹਾਰ ਪੁੱਤਰ ਸੀ। ਉਹ ਸਕੂਲ ਵਿਚ ਪੜ੍ਹਦਾ ਆਮ ਬੱਚਿਆਂ ਨਾਲੋਂ ਕੁਝ ਵਧੇਰੇ ਹੀ ਤੀਖਣਬੁੱਧ ਸੀ ਤੇ ਪੜ੍ਹਾਈ ਵਿਚ ਸਦਾ ਪਹਿਲੇ ਨੰਬਰ ਤੇ ਰਹਿੰਦਾ ਸੀ। ਇਸ ਲਈ ਉਸਦੇ ਬਾਪ ਨੇ ਉਸਨੂੰ ਵਕੀਲ ਬਣਾਉਣ ਦੀ ਸਧਰ ਪਾਲ ਰੱਖੀ ਸੀ। ਸਕੂਲ ਦੀ ਪੜ੍ਹਾਈ ਖਤਮ ਕਰਨ ਪਿੱਛੋਂ ਉਸਨੂੰ ਲਖਨਊ ਯੂਨੀਵਰਸਟੀ ਵਿਚ ਕਾਨੂੰਨ ਦੀ ਪੜ੍ਹਾਈ ਲਈ ਦਾਖਲਾ ਸਹਿਜੇ ਹੀ ਮਿਲ ਗਿਆ। ਵਕਾਲਤ ਦੀ ਪੜ੍ਹਾਈ ਖਤਮ ਕਰਨ ਤੱਕ ਉਹ ਆਮ ਬੰਦਿਆਂ ਵਰਗਾ ਬੰਦਾ ਸੀ। ਪਰ ਵਕਾਲਤ ਪਾਸ ਕਰਨ ਦੇ ਠੀਕ ਪਿੱਛੋਂ ਉਸਦੇ ਵਰਤਾਰੇ ਤੇ ਬੋਲ ਚਾਲ ਵਿਚ ਅਜਿਹੀ ਤਬਦੀਲੀ ਆਈ ਕਿ ਉਹ ਪਹਿਲਾਂ ਵਾਲਾ ਅਜਮੇਰ ਸਿੰਘ ਨਾ ਰਿਹਾ। ਉਸ ਨੇ ਵਕਾਲਤ ਤਾਂ ਪਾਸ ਕਰ ਲਈ, ਪਰ ਇਸਨੂੰ ਪੇਸ਼ੇ ਦੇ ਤੌਰ ਤੇ ਅਪਣਾਉਣ ਤੋਂ ਪਹਿਲਾਂ ਹੀ ਉਸਦੀ ਆਤਮਾ ਜਾਗ ਪਈ। ਆਤਮਾ ਦੀ ਅਵਾਜ਼ ਸੁਣ ਕੇ ਉਸਨੇ ਇਹ ਫੈਸਲਾ ਕਰ ਲਿਆ ਕਿ ਵਕਾਲਤ ਦੀ ਪ੍ਰੈਕਟਿਸ ਵਿਚ ਉਹ ਕਦੀ ਵੀ ਝੂਠੇ ਬੰਦਿਆਂ ਦੇ ਕੇਸ ਨਹੀਂ ਲੜੇਗਾ ਤੇ ਹਮੇਸ਼ਾ ਸੱਚ ਦਾ ਸਾਥ ਦੇਵੇਗਾ। ਸੱਚੇ ਸੁੱਚੇ ਬੰਦੇ ਉਸ ਪਾਸ ਕਦ ਆਉਣੇ ਸਨ ਤੇ ਕਿੰਨੇ ਕੁ ਆਉਣੇ ਸਨ? ਇਸਦੇ ਨਾਲ ਹੀ ਉਸ ਨੇ ਇਹ ਵੀ ਫੈਸਲਾ ਕਰ ਲਿਆ ਕਿ ਨਿਰਦੋਸ਼ ਗ਼ਰੀਬ ਲੋਕਾਂ ਦੇ ਕੇਸ ਉਹ ਮੁਫਤ ਲੜੇਗਾ। ਗ਼ਰੀਬਾਂ ਤੋਂ ਉਸਨੇ ਕੁਝ ਲੈਣਾ ਨਹੀਂ ਸੀ ਤੇ ਅਮੀਰਾਂ ਦੇ ਝੂਠੇ ਮੁਕੱਦਮੇ ਲੜਨੇ ਨਹੀਂ ਸਨ ਫੇਰ ਆਮਦਨ ਕਿੱਥੋਂ ਹੁੰਦੀ? ਇਸ ਲਈ ਛੇਤੀ ਹੀ ਉਸਨੇ ਵਕਾਲਤ ਦਾ ਕੰਮ ਠੱਪ ਦਿੱਤਾ।

ਉਸਦੇ ਬਾਪ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਲਖਨਊ ਆਇਆ ਤੇ ਉਸਨੂੰ ਵਕਾਲਤ ਦਾ ਕੰਮ ਨਾ ਤਿਆਗਣ ਲਈ ਜ਼ੋਰ ਪਾਉਣ ਲੱਗਾ। ਬਾਪ ਨੇ ਬਥੇਰਾ ਜ਼ੋਰ ਲਾਇਆ ਤੇ ਉਸ ਉੱਤੇ ਕੀਤੇ ਖਰਚਾਂ ਦਾ ਵੀ ਵਾਸਤਾ ਪਾਇਆ। ਪਰ ਉਸਨੇ ਉਹਦੀ ਇੱਕ ਵੀ ਨਾ ਸੁਣੀ ਤੇ ਆਪਣੇ ਫੈਸਲੇ ਤੇ ਪੱਕਾ ਰਿਹਾ। ਉਸਦਾ ਬਾਪ ਨਿਰਾਸ਼ ਹੋ ਕੇ ਵਾਪਸ ਪਰਤ ਆਇਆ ਪਰ ਅਜਮੇਰ ਲਖਨਊ ਹੀ ਟਿਕਿਆ ਰਿਹਾ। ਬਾਪੂ ਨੇ ਸੋਚਿਆ, 'ਚਲੋ ਕੁਝ ਦਿਨ ਧੱਕੇ ਖਾ ਕੇ ਸੁਰਤ ਟਿਕਾਣੇ ਆ ਜਾਵੇਗੀ ਤੇ ਅਸਲ ਰਾਹ ਤੇ ਆ ਜਾਵੇਗਾ।'

ਕੁਝ ਮਹੀਨੇ ਲੰਘ ਜਾਣ ਪਿੱਛੋਂ ਇੱਕ ਦਿਨ ਉਸਦੇ ਘਰ ਦਿਆਂ ਨੂੰ ਉੜਦੀ ਉੜਦੀ ਖਬਰ ਮਿਲੀ ਕਿ ਉਹ ਸਖਤ ਬੀਮਾਰ ਹਸਪਤਾਲ ਵਿਚ ਪਿਆ ਹੈ। ਸਾਰਾ ਟੱਬਰ ਉਸਨੂੰ ਦੇਖਣ ਗਿਆ। ਉੱਥੇ ਜਾ ਕੇ ਪਤਾ ਲੱਗਾ ਕਿ ਉਹ ਤਾਂ ਇੱਕ ਮਹੀਨੇ ਤੋਂ ਬੀਮਾਰ ਪਿਆ ਸੀ। ਬਾਪੂ ਨੇ ਕਿਹਾ, "ਸਾਨੂੰ ਤਾਂ ਪਤਾ ਦੇ ਦਿੰਦਾ, ਤੇਰਾ ਇਲਾਜ ਚੱਜ ਨਾਲ ਕਰਵਾਉਂਦੇ। ਤੂੰ ਤਾਂ ਇਸ ਤਰ੍ਹਾਂ ਸਮਝ ਲਿਆ, ਜਿਵੇਂ ਕਿ ਅਸੀਂ ਤੇਰੇ ਕੁਝ ਨਾ ਲਗਦੇ ਹੋਈਏ।" ਅਜਮੇਰ ਦਾ ਜਵਾਬ ਸੀ, "ਕੀ ਲੋੜ ਸੀ? ਤੁਸੀਂ ਕੰਮ ਛੱਡ ਕੇ ਆਉਂਦੇ। ਖਾਹਮਖਾਹ ਖਰਚ ਕਰਦੇ। ਉਨ੍ਹਾਂ ਦੀ ਦੇਖ ਭਾਲ ਕੌਣ ਕਰਦਾ ਹੈ, ਜਿਨ੍ਹਾਂ ਦਾ ਕੋਈ ਨਹੀਂ ਤੇ ਉਨ੍ਹਾਂ ਉੱਤੇ ਖਰਚ ਕੌਣ ਕਰਦਾ ਹੈ, ਜਿਨ੍ਹਾਂ ਦੇ ਕੋਲ ਕੁਝ ਨਹੀਂ? ਮੈਂ ਇੱਥੇ ਇਸ ਸਰਕਾਰੀ ਹਸਪਤਾਲ ਵਿਚ ਹੀ ਠੀਕ ਹਾਂ, ਜਿੱਥੇ ਅਤਿ ਦੇ ਗ਼ਰੀਬ ਲੋਕਾਂ ਨੂੰ ਜਗਾ ਮਿਲਦੀ ਹੈ।" ਉਸਦੇ ਬਾਪੂ ਤੇ ਉਸਦੇ ਸਾਰੇ ਭੈਣਾਂ ਭਰਾਵਾਂ ਦੇ ਤਰਲੇ ਬੇਅਰਥ ਗਏ ਤੇ ਉਹ ਨਾ ਕਿਸੇ ਪ੍ਰਾਈਵੇਟ ਡਾਕਟਰ ਤੋਂ ਇਲਾਜ ਕਰਵਾਉਣ ਲਈ ਮੰਨਿਆ ਤੇ ਨਾ ਉਸ ਨੇ ਬਾਪ ਤੋਂ ਪੈਸੇ ਲੈਣੇ ਹੀ ਸਵੀਕਾਰ ਕੀਤੇ। ਸਾਰੇ ਨਿਰਾਸ ਤੇ ਪ੍ਰੇਸ਼ਾਨ ਵਾਪਸ ਤੁਰ ਗਏ। ਬਾਪੂ ਨੇ ਤੁਰਨ ਲੱਗਿਆਂ ਡੂੰਘਾ ਹੌਕਾ ਲੈ ਕੇ ਕਿਹਾ, "ਪਤਾ ਨਹੀਂ ਮੇਰੇ ਪੁੱਤ ਨੂੰ ਕਿਸਦੀ ਖੋਟੀ ਨਜ਼ਰ ਲੱਗ ਗਈ ਹੈ?" ਉਸਦੀ ਮਾਂ ਦਾ ਖਿਆਲ ਸੀ, "ਮੁੰਡਾ ਕਿਸੇ ਪ੍ਰੇਤ ਆਤਮਾ ਦੀ ਛਾਇਆ ਹੇਠ ਆ ਗਿਆ ਹੈ। ਪਿੰਡ ਲੈ ਜਾਕੇ ਕਿਸੇ ਸਿਆਣੇ ਨੂੰ ਦਿਖਾਲਣਾ ਚਾਹੀਦਾ ਹੈ।" ਪਰ ਅਜਮੇਰ ਨੂੰ ਜ਼ਬਰਦਸਤੀ ਕਿਸ ਤਰ੍ਹਾਂ ਲੈ ਜਾਇਆ ਜਾ ਸਕਦਾ ਸੀ?

ਕੁਝ ਦਿਨਾਂ ਪਿੱਛੋਂ ਉਹ ਤੰਦਰੁਸਤ ਹੋ ਗਿਆ। ਫੇਰ ਇਕ ਦਿਨ ਪਿੰਡ ਆਇਆ। ਉਸਦਾ ਤਿੰਨ ਸਾਲ ਦਾ ਮੁੰਡਾ ਗਲ਼ੀ ਵਿਚ ਖੇਲ੍ਹ ਰਿਹਾ ਸੀ। ਉਸਦੇ ਬਹੁਤ ਹੀ ਸੁਹਣੇ ਫੱਬਵੇਂ ਕੱਪੜੇ ਪਾਏ ਹੋਏ ਸਨ ਤੇ ਨਹਾ ਧੁਆ ਕੇ ਵਾਲ਼ ਰਿਬਨ ਨਾਲ ਬੰਨ੍ਹੇ ਹੋਏ ਸਨ। ਉਹ ਆਪਣੇ ਬਾਪ ਨੂੰ ਦੇਖ ਕੇ ਮੁਸਕਰਾਇਆ। ਅਜਮੇਰ ਸਿੰਘ ਨੇ ਮੁੰਡੇ ਨੂੰ ਕੋਲ ਸਦ ਕੇ ਉਸਦੇ ਕੱਪੜਿਆਂ ਤੇ ਮਿੱਟੀ ਪਾ ਦਿੱਤੀ ਤੇ ਕਿਹਾ, "ਮੇਰੇ ਬੱਚੇ ਨੂੰ ਮੇਰੇ ਦੇਸ ਦੇ ਆਮ ਗ਼ਰੀਬਾਂ ਦੇ ਬੱਚਿਆਂ ਨਾਲੋਂ ਸੁਹਣਾ ਲੱਗਣ ਤੇ ਫੱਬਣ ਦਾ ਕੋਈ ਹੱਕ ਨਹੀਂ।" ਜਦੋਂ ਉਸਦੀ ਪਤਨੀ ਨੇ ਉਸਦੀ ਇਸ ਹਰਕਤ ਤੇ ਇਤਰਾਜ਼ ਕੀਤਾ ਤਾਂ ਉਹ ਕਹਿਣ ਲੱਗਾ, "ਕੀ ਤੂੰ ਗ਼ਰੀਬ ਲੋਕਾਂ ਦੇ ਬੱਚਿਆਂ ਨੂੰ ਇਸ ਵਾਂਗ ਸਜਾਉਣ ਸੰਵਾਰਨ ਵਿਚ ਮਦਦ ਕਰ ਸਕਦੀ ਹੈ? ਜੇ ਨਹੀਂ, ਤਾਂ ਨਾ ਤੈਨੂੰ ਨਾ ਮੈਨੂੰ ਇਸਨੂੰ ਸਜਾਉਣ ਫਬਾਉਣ ਦਾ ਹੱਕ ਹੈ।"

"ਕੀ ਹੋ ਗਿਆ ਹੈ ਮੇਰੇ ਸਰਦਾਰ ਨੂੰ, ਕਿੰਨਾ ਚੰਗਾ ਪਿਆਰ ਕਰਨ ਵਾਲਾ ਸੀ। ਮਾਂ ਠੀਕ ਹੀ ਕਹਿੰਦੀ ਸੀ, ਇਸ ਤੇ ਤਾਂ ਕਿਸੇ ਪ੍ਰੇਤ ਆਤਮਾ ਦਾ ਛਾਇਆ ਹੈ।" ਉਹ ਉਭਾਸਰੀ ਤਾਂ ਕੁਝ ਨਾ ਪਰ ਅੰਦਰ ਹੀ ਅੰਦਰ ਇਹ ਸੋਚ ਗਈ।

ਅਜਮੇਰ ਸਿੰਘ ਦੀ ਹਾਲਤ ਦੇਖ ਕੇ ਘਰ ਦੇ ਸਾਰੇ ਜੀਅ ਦੁਖੀ ਸਨ। ਪਰ ਕੋਈ ਕਰ ਕੁਝ ਨਹੀਂ ਸਕਦਾ ਸੀ। ਮਾਂ ਦੀ ਜ਼ਿੱਦ ਤੇ ਇਸਰਾਰ ਅੱਗੇ ਝੁਕ ਕੇ ਬਾਪੂ ਇੱਕ ਦਿਨ ਇੱਕ ਸਿਆਣੇ ਨੂੰ ਘਰ ਲੈ ਆਇਆ। ਪਰ ਅਜਮੇਰ ਜੁੱਤੀ ਲਾਹ ਕੇ ਉਸ ਸਿਆਣੇ ਨੂੰ ਪੈ ਗਿਆ ਤੇ ਉਸਨੂੰ ਭਜ ਕੇ ਜਾਨ ਬਚਾਉਣੀ ਪਈ। ਅਜਮੇਰ ਉਸੇ ਦਿਨ ਕਿਤੇ ਚਲਾ ਗਿਆ, ਹਾਲਾਂਕਿ ਉਸਨੂੰ ਦੱਸਿਆ ਜਾ ਚੁੱਕਾ ਸੀ ਕਿ ਉਸਦੀ ਛੋਟੀ ਭੈਣ ਦਾ ਵਿਆਹ ਹੋਣ ਵਿਚ ਕੇਵਲ ਵੀਹ ਦਿਨ ਹੀ ਬਾਕੀ ਸਨ।

ਉਹ ਭੈਣ ਦੇ ਵਿਆਹ ਵਾਲੇ ਦਿਨ ਹੀ ਵਾਪਸ ਮੁੜਿਆ। ਜਦੋਂ ਉਸਨੇ ਘਰ ਦੇ ਅੰਦਰ ਬਾਹਰ ਸਜਾਵਟ ਦੇਖੀ ਤੇ ਝੰਡੀਆਂ ਲੱਗੀਆਂ ਹੋਈਆਂ ਦੇਖੀਆਂ ਤਾਂ ਉਹ ਖਿਝ ਕੇ ਕਹਿਣ ਲੱਗਾ, "ਕਿਹੋ ਜਿਹੇ ਹੋ ਤੁਸੀਂ ਲੋਕ? ਸਾਡੇ ਦੇਸ ਵਿਚ ਲੱਖਾਂ ਲੋਕਾਂ ਨੂੰ ਰੋਟੀ ਨਹੀਂ ਜੁੜਦੀ ਤੇ ਤੁਸੀਂ ਖਾਹਮਖਾਹ ਇਸ ਸਜਾਵਟ ਤੇ ਪੈਸਾ ਰੋੜ੍ਹ ਰਹੇ ਹੋ।" ਇਹ ਕਹਿ ਕੇ ਉਸਨੇ ਸਜਾਵਟੀ ਦਰਵਾਜੇ ਢਾਹ ਸੁਟੇ ਤੇ ਝੰਡੀਆਂ ਲਾਹ ਕੇ ਪੈਰਾਂ ਹੇਠ ਮਧੋਲਣੀਆ ਸ਼ੁਰੂ ਕਰ ਦਿੱਤੀਆਂ। ਉਸਦੇ ਪਿਉ ਨੇ ਗੁੱਸੇ ਵਿਚ ਆ ਕੇ ਕਿਹਾ, "ਅਜਮੇਰ! ਤੂੰ ਕਿਸ ਜਨਮ ਦਾ ਬਦਲਾ ਸਾਥੋਂ ਲੈ ਰਿਹਾ ਹੈਂ। ਤੂੰ ਵਿਆਹ ਦੀ ਤਿਆਰੀ ਵਿਚ ਹੱਥ ਤਾਂ ਕੀ ਵਟਾਉਣਾ ਸੀ, ਇੱਕ ਤਾਂ ਆਇਆਂ ਦਿਨ ਦੇ ਦਿਨ ਤੇ ਫੇਰ ਸਾਡੇ ਕੀਤੇ ਕੰਮ ਦਾ ਵੀ ਸੱਤਿਆਨਾਸ ਮਾਰ ਰਿਹਾਂ।"

"ਮੈਂ ਅਜੇਹੀਆਂ ਫਜ਼ੂਲ ਖਰਚੀਆਂ ਬਰਦਾਸ਼ਤ ਨਹੀਂ ਕਰ ਸਕਦਾ। ਨਾ ਇਨ੍ਹਾਂ ਕੰਮਾਂ ਵਿਚ ਤੁਹਾਡਾ ਸਾਥ ਦੇ ਸਕਦਾ ਹਾਂ, ਇਸ ਲਈ ਤੁਸੀਂ ਮੈਨੂੰ ਜੁਦਾ ਕਰ ਦਿਓ।" ਅਜਮੇਰ ਸਿੰਘ ਇਹ ਕਹਿ ਕੇ ਬਾਹਰ ਨੂੰ ਤੁਰ ਗਿਆ। ਫੇਰ ਉਹ ਵਾਪਸ ਆਇਆ ਤਾਂ ਵਿਆਹ ਵਾਲੇ ਦਿਨ, ਐਨ ਉਸ ਵੇਲੇ, ਜਿਸ ਵੇਲੇ ਕੁੜੀ ਨੂੰ ਤੋਰਨ ਦਾ ਸਮਾਂ ਆ ਗਿਆ ਸੀ। ਉਸਨੇ ਕੁੜੀ ਨੂੰ ਤੋਰਨ ਸਮੇਂ ਸਿਰ ਤੇ ਹੱਥ ਰੱਖਕੇ ਪਿਆਰ ਦਿੱਤਾ ਤੇ ਜੰਞ ਦੇ ਤੁਰ ਜਾਣ ਪਿੱਛੋਂ ਬਿਨਾਂ ਕੁਝ ਖਾਧੇ ਪੀਤੇ ਬਾਹਰ ਨੂੰ ਤੁਰ ਗਿਆ।

ਉਸਦਾ ਬਾਪ ਆਪਣੇ ਥਾਂ ਬਹੁਤ ਦੁਖੀ ਸੀ। ਇਹ ਸੋਚ ਕੇ ਕਿ ਸ਼ਾਇਦ ਇਸ ਤਰ੍ਹਾਂ ਹੀ ਉਹ ਘਰ ਟਿਕ ਕੇ ਬੈਠ ਸਕੇ ਤੇ ਕੁਝ ਕਰ ਸਕੇ, ਉਸਨੇ ਉਸਦੇ ਹਿੱਸੇ ਆਉਂਦੇ ਦਸ ਖੇਤ ਉਸਦੇ ਨਾਉਂ ਲਵਾ ਦਿੱਤੇ। ਪਰ ਅਜਮੇਰ ਦੇ ਅੰਦਰ ਦੀਆਂ ਕੋਈ ਨਹੀਂ ਸੀ ਜਾਣਦਾ। ਉਸਨੇ ਕੁਝ ਦਿਨਾਂ ਵਿਚ ਹੀ ਪੰਜ ਖੇਤ ਵੇਚ ਕੇ ਇੱਕ ਟਰੈਕਟਰ ਲੈ ਲਿਆ ਤੇ ਇੱਕ ਜੀਪ ਖਰੀਦ ਲਈ। ਉਸਦੇ ਮਾਪੇ ਤੇ ਉਸਦੀ ਪਤਨੀ ਉਸਦੀ ਇਸ ਹਰਕਤ ਤੋਂ ਬਹੁਤ ਦੁਖੀ ਹੋਏ। ਪਤਨੀ ਦੁਖੀ ਹੋ ਕੇ ਕਹਿਣ ਲੱਗੀ, "ਜੇ ਆਪਣਾ ਤੈਨੂੰ ਕੋਈ ਫਿਕਰ ਨਹੀਂ ਤਾਂ ਆਪਣੇ ਇਕਲੌਤੇ ਪੁੱਤਰ ਲਈ ਤਾਂ ਕੁਝ ਰਹਿਣ ਦੇ। ਕਿਉਂ ਸਭ ਕੁਝ ਖਤਮ ਕਰਨ ਤੇ ਤੁਲਿਆ ਹੋਇਆ ਏ?"

"ਕਿੰਨੇ ਕੁ ਲੋਕੀਂ ਨੇ ਜਿਨ੍ਹਾਂ ਕੋਲ ਪੰਜਾਂ ਖੇਤਾਂ ਤੋਂ ਵੱਧ ਜ਼ਮੀਨ ਹੈ, ਫੇਰ ਮੇਰਾ ਪੁੱਤ ਵੀ ਇਸ ਤੋਂ ਵੱਧ ਜ਼ਮੀਨ ਦਾ ਮਾਲਕ ਕਿਉਂ ਬਣੇ?" ਉਸਦਾ ਜਵਾਬ ਸੁਣਕੇ ਸਾਰੇ ਹੈਰਾਨ ਰਹਿ ਗਏ। ਚੁੱਪ ਕਰ ਗਏ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਅਜਮੇਰ ਦੀ ਜ਼ਿਦ ਸਾਹਮਣੇ ਉਹ ਕੁਝ ਨਹੀਂ ਕਰ ਸਕਦੇ ਸਨ।

ਕੁਝ ਮਹੀਨੇ ਹੀ ਲੰਘੇ ਸਨ ਕਿ ਇਕ ਦਿਨ ਉਹ ਜੀਪ ਲੈ ਕੇ ਨਿਪਾਲ ਦੀ ਸਰਹੱਦ ਦੇ ਨੇੜੇ ਬੇਅਬਾਦ ਇਲਾਕੇ ਵਿਚ ਗਿਆ ਤੇ ਉੱਥੇ ਅਣਵਾਹੀ ਪਈ ਸੈਂਕੜੇ ਏਕੜ ਜਮੀਨ ਦੇਖ ਕੇ ਹੌਕਾ ਲੈ ਕੇ ਕਿਹਾ, "ਇੰਨੀ ਜ਼ਮੀਨ ਅਣਵਾਹੀ ਪਈ ਹੈ ਤੇ ਸਾਡੇ ਦੇਸ ਦੇ ਲੱਖਾਂ ਲੋਕ ਹਾਲੀਂ ਵੀ ਅੱਧਭੁੱਖੇ ਜੀਂਦੇ ਤੇ ਸੌਂਦੇ ਹਨ। ਕਦੋਂ ਸੋਚਣਗੇ ਸਾਡੇ ਦੇਸ ਦੇ ਸਿਆਸਤਦਾਨ?"

ਤੇ ਜਿਹੜੀ ਗੱਲ ਸਾਡੇ ਦੇਸ ਦੇ ਸਿਆਸਤਦਾਨਾਂ ਦੇ ਦਿਮਾਗ ਵਿਚ ਨਹੀਂ ਆਈ ਸੀ, ਉਹ ਉਸਦੇ ਦਿਮਾਗ ਵਿਚ ਆ ਗਈ ਸੀ। ਉਹ ਉੱਥੇ ਖੜ੍ਹਾ ਹੀ ਕਿਸੇ ਫੈਸਲੇ ਤੇ ਪਹੁੰਚ ਗਿਆ।

ਘਰ ਆਕੇ ਉਸਨੇ ਆਪਣੀ ਪਤਨੀ ਨੂੰ ਕਿਹਾ, "ਭਾਗਵਾਨੇ! ਮੈਂ ਆਪਣਾ ਆਦਰਸ਼ ਲੱਭ ਲਿਆ ਹੈ। ਤੂੰ ਮੇਰਾ ਸਾਥ ਦੇਣਾ ਹੈ ਤਾਂ ਤਿਆਰ ਹੋ ਜਾ ਮੇਰੇ ਨਾਲ ਜਾਣ ਲਈ।"

ਉਸਦੀ ਪਤਨੀ ਜਾਣਦੀ ਸੀ ਕਿ ਉਸਦਾ ਆਦਰਸ਼ ਕਿਹੋ ਜਿਹਾ ਹੋਵੇਗਾ। ਉਹ ਚੁੱਪ ਰਹੀ।

ਅਜਮੇਰ ਸਿੰਘ ਨੇ ਆਪਣਾ ਟ੍ਰੈਕਟਰ ਸਟਾਰਟ ਕੀਤਾ ਤੇ ਆਪਣੇ ਸੁਪਨਿਆਂ ਦਾ ਸੰਸਾਰ ਸਿਰਜਣ ਲਈ ਤੁਰ ਗਿਆ।

ਉਹ ਆਪਣੇ ਟਿਕਾਣੇ, ਨਿਪਾਲ ਦੀ ਸਰਹੱਦ ਦੇ

ਬਾਕੀ ਪੰਨਾ 6 'ਤੇ

# ਜ਼ਿੰਦਗੀ ਦੇ ਸਮੀਕਰਣ



ਹਰਜੀਤ ਬੇਦੀ

ਪ੍ਰਾਇਮਰੀ ਸਕੂਲ ਕਾਹਨੇਕੇ ਵਿੱਚੋਂ ਪੰਜਵੀਂ ਕਰਨ ਮਗਰੋਂ ਮੈਂ ਦੇਵ ਸਮਾਜ ਸਕੂਲ ਮੋਗਾ ਵਿੱਚ ਛੇਵੀਂ ਜਮਾਤ ਵਿੱਚ ਦਾਖਲਾ ਲਿਆ। ਮਾਸਟਰ ਹੰਸ ਰਾਜ ਜੀ ਸਾਡੇ ਹਿਸਾਬ ਮਾਸਟਰ ਸਨ। ਸਾਡੇ ਲਈ ਅਲਜਬਰਾ ਨਵਾਂ ਸੀ ਪਰ ਮਾਸਟਰ ਜੀ ਇੰਨੇ ਰੌਚਿਕ ਢੰਗ ਨਾਲ ਪੜ੍ਹਾਉਂਦੇ ਸਨ ਕਿ ਸਭ ਕੁੱਝ ਸਮਝ ਆ ਜਾਂਦਾ ਸੀ। ਸਮੀਕਰਣਾਂ ਦੇ ਹੱਲ ਸਮੇਂ ਉਹਨਾਂ ਸਮਝਾਇਆ ਕਿ ਦੋਨੋਂ ਪਾਸੇ ਬਰਾਬਰ ਹਨ ਅਤੇ ਜਦੋਂ ਇੱਕ ਪਾਸੇ ਕੁੱਝ ਕਰੀਏ ਤਾਂ ਦੂਜੇ ਪਾਸੇ ਵੀ ਉਹੀ ਕੁੱਝ ਕਰਨਾ ਪੈਂਦਾ ਹੈ, ਨਹੀਂ ਤਾਂ ਬਰਾਬਰਤਾ ਖਤਮ। ਇਹ ਬਰਾਬਰੀ ਦਾ ਸਵਾਲ ਅਲਜਬਰੇ ਦਾ ਹੀ ਨਹੀਂ ਅਲਜ਼ਬਰੇ ਵਾਂਗ ਸਾਡੀ ਜ਼ਿੰਦਗੀ ਦਾ ਵੀ ਹੈ। ਸਮੀਕਰਣਾਂ ਦੀ ਬਰਾਬਰੀ ਵਾਲੀ ਗੱਲ ਸੋਚ ਕੇ ਮਨ ਵਿੱਚ ਇਹ ਸਵਾਲ ਉੱਠਦਾ ਹੈ ਕਿ ਸੰਸਾਰ ਵਿੱਚ, ਸਮਾਜ ਵਿੱਚ ਅਤੇ ਸਾਡੇ ਘਰਾਂ ਵਿੱਚ ਸਮੀਕਰਣਾਂ ਵਿੱਚ ਗੜਬੜ ਹੋ ਗਈ ਹੈ ਤੇ ਬਰਾਬਰੀ ਖਤਮ। ਸਮੀਕਰਣਾਂ ਵਾਲੀ ਇਸ ਗੜਬੜ ਨੇ ਹਰ ਪਾਸੇ ਗੜਬੜ ਹੀ ਗੜਬੜ ਪੈਦਾ ਕਰ ਦਿੱਤੀ ਹੈ।

ਸਭ ਤੋਂ ਵੱਧ ਆਰਥਿਕ ਅਤੇ ਸਾਧਨਾਂ 'ਤੇ ਕੰਟਰੋਲ ਦੀ ਨਾ-ਬਰਾਬਰੀ ਨੇ ਦੁਨੀਆਂ ਵਿੱਚ ਘਮਸਾਣ ਛੇੜਿਆ ਹੋਇਆ ਹੈ। ਲੁਟੇਰੀਆਂ ਤੇ ਲੁੱਟੀਆਂ ਜਾਣ ਵਾਲੀਆਂ ਦੋ ਧਿਰਾਂ ਵਿੱਚ ਘਮਸਾਣ। ਬਹੁਤੇ ਦੇਸ਼ਾਂ ਦੇ ਸਿਸਟਮ ਵਿੱਚ ਪੈਦਾਵਾਰੀ ਸਾਧਨਾਂ ਅਤੇ ਸਰਮਾਏ 'ਤੇ ਕਾਬਜ਼ ਹੋਣ ਕਰ ਕੇ ਅਜੇ ਤੱਕ ਬਾਜ਼ੀ ਲੁਟੇਰਿਆਂ ਦੇ ਹੱਥ ਹੈ, ਜਿਸ ਕਰ ਕੇ ਬਹੁਗਿਣਤੀ ਲੋਕਾਂ ਦੀ ਜ਼ਿੰਦਗੀ ਦੇ ਸਮੀਕਰਣ ਵਿਗੜੇ ਹੋਏ ਹਨ। ਉਹਨਾਂ ਨੂੰ ਰੋਜ਼ਗਾਰ ਦਾ ਕੋਈ ਪੱਕਾ ਭਰੋਸਾ ਨਾ ਹੋਣ ਕਰ ਕੇ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਹੋਣ, ਮਸ਼ੀਨੀਕਰਨ ਕਾਰਣ ਕੰਮ ਦੀ ਕਾਹਲ ਅਤੇ ਚਿੰਤਾ, ਕੰਪਨੀਆਂ ਦੇ ਮੂਵ ਹੋ ਜਾਣ ਦੀ ਚਿੰਤਾ ਨੇ ਘੇਰ ਕੇ ਚੌਵੀ ਘੰਟੇ ਪਰੇਸ਼ਾਨ ਕੀਤਾ ਹੋਇਆ ਹੈ। ਕਮਾਈ ਅਤੇ ਉਜਰਤ ਵਿੱਚ ਪਾੜਾ ਇੰਨਾ ਹੈ ਕਿ ਇੱਕ ਸੀਈਓ ਦੀ ਇੱਕ ਘੰਟੇ ਦੀ ਉਜਰਤ ਮਜਦੂਰ ਦੀ ਸਾਲ ਭਰ ਦੀ ਉਜਰਤ ਦੇ ਬਰਾਬਰ ਤਕ ਹੈ ਅਤੇ ਹੋਰ ਸਹੂਲਤਾਂ ਵੱਖਰੀਆਂ। ਇਹ ਹੈ ਸਮੀਕਰਣਾਂ ਦਾ ਭਿਆਨਕ ਰੂਪ ਵਿੱਚ ਵਿਗਾੜ।

ਧਰਮਾਂ ਨੇ ਤਾਂ ਹੋਰ ਵੀ ਰੋਲ ਘਚੋਲਾ ਪਾਇਆ ਹੋਇਆ, ਅਖੇ "ਸਾਡਾ ਧਰਮ ਸਿਰਮੌਰ, ਸਾਡਾ ਧਰਮ ਸਭ ਤੋਂ ਉੱਚਾ-ਸੁੱਚਾ।" ਮਾਨਸ ਕੀ ਜਾਤ ਸਭੈ ਏਕੋ ਪਹਿਚਾਣਬੋ" ਵਾਲਾ ਮੰਤਰ ਪਤਾ ਨਹੀਂ ਕਿਉਂ ਛੂ-ਮੰਤਰ ਹੋ ਜਾਂਦਾ ਹੈ।" "ਧਰਮ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਨਾ" ਦਾ ਰਾਗ ਅਲਾਪਣ ਵਾਲੇ ਵੱਢਣ-ਟੁੱਕਣ 'ਤੇ ਜਦੋਂ ਆ ਜਾਂਦੇ ਹਨ ਤਾਂ ਸਮੀਕਰਣਾਂ ਦੀ ਕੀ ਮਜ਼ਾਲ ਜੇ ਵਿਗੜਣ ਨਾ। ਘਰਾਂ ਦੇ ਘਰ ਤਬਾਹ, ਬੱਚੇ ਅਨਾਥ, ਔਰਤਾਂ ਵਿਧਵਾਵਾਂ, ਭੈਣਾਂ ਭਰਾਵਾਂ ਤੋਂ ਬਾਂਝੀਆਂ, ਮਾਵਾਂ ਦੀਆਂ ਕੁੱਖਾਂ ਸੁੰਨੀਆਂ, ਜ਼ਿੰਦਗੀ ਦੀਆਂ ਗਲੀਆਂ ਹਨੇਰੇ ਵਿੱਚ ਡੁੱਬੀਆਂ ਵਿਲਕਦੀਆਂ - ਭੁੱਬਾਂ ਮਾਰਦੀ ਜ਼ਿੰਦਗੀ ਬਤੀਤ ਕਰਨ ਲਈ ਲੋਕ ਮਜਬੂਰ।

ਇੱਕ ਸੀ ਮੰਨੂੰ ਜਿਸ ਦੀ ਜ਼ਿੰਦਗੀ ਦੇ ਸਮੀਕਰਣ ਵਿਗਾੜਣ ਦੇ ਖੇਤਰ ਵਿੱਚ ਸਰਦਾਰੀ ਹੈ। ਮਨੁੱਖਾਂ ਨੂੰ ਜਾਤਾਂ ਵਿੱਚ ਵੰਡ ਕੇ, ਉਹਨਾਂ ਵਿੱਚ ਵਖਰੇਵਾਂ ਪਾ ਕੇ ਉਹਨਾਂ ਦੀਆਂ ਸਮੀਕਰਣਾਂ ਦਾ ਸੰਤੁਲਨ ਐਸਾ ਵਿਗਾੜਿਆ ਕਿ ਪਤਾ ਨਹੀਂ ਕਿੰਨੀਆਂ ਸਦੀਆਂ ਲੱਗ ਜਾਣ ਸਮਤੋਲ ਕਰਨ ਲਈ। ਉਸ "ਭਲੇ ਪੁਰਖ" ਨੇ ਤਾਂ ਜਾਤਾਂ ਵਿੱਚ ਮਨੁੱਖਾਂ ਨੂੰ ਵੰਡਣ ਦੇ ਨਾਲ ਹੀ ਔਰਤਾਂ ਨੂੰ ਵੀ ਖੂੰਜੇ ਲਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ ਜਿਸ ਦਾ ਖਮਿਆਜ਼ਾ ਔਰਤਾਂ ਸਦੀਆਂ ਤੋਂ ਭੋਗ ਰਹੀਆਂ ਨੇ ਅਤੇ ਪਤਾ ਨਹੀਂ ਹੋਰ ਕਿੰਨਾ ਚਿਰ ਭੋਗਣਗੀਆਂ। ਜਾਤ-ਪਾਤ ਨੇ ਇੱਕੋ ਥਾਂ ਰਹਿੰਦੇ ਮਨੁੱਖਾਂ ਵਿੱਚ ਪਾੜਾ ਪਾ ਕੇ ਉਹਨਾਂ ਦੀਆਂ ਅੱਖਾਂ 'ਤੇ ਨਫਰਤ ਦਾ ਅਜਿਹੀ ਪੱਟੀ ਬੰਨ੍ਹੀ ਹੈ ਜਿਸ ਨੂੰ ਲਾਹੁਣਾ ਅਤੀ ਮੁਸ਼ਕਿਲ ਹੈ। ਧਰਮਾਂ ਵਾਂਗ ਹੀ ਜਾਤਾਂ ਦੇ ਨਾਂ 'ਤੇ ਵਧੀ ਕੁੜੱਤਣ ਕਈ ਵਾਰ ਦੰਗਿਆਂ ਦਾ ਰੂਪ ਧਾਰਨ ਕਰ ਕੇ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ ਤੇ ਉਹ ਹੈਵਾਨ ਬਣ ਕੇ ਇੱਕ ਦੂਜੇ ਨੂੰ ਮਾਰ ਮੁਕਾਉਂਦਾ ਹੈ। ਅਜਿਹੀ ਫੁੱਟ ਭਾਈਚਾਰਕ ਸਾਂਝ ਦੀ ਦੁਸ਼ਮਣ ਤੇ ਗੱਦੀਆਂ 'ਤੇ ਬੈਠਣ ਦੇ ਚਾਹਵਾਨਾਂ ਲਈ ਨਿਆਮਤ ਸਿੱਧ ਹੁੰਦੀ ਹੈ।

ਕੁਦਰਤ ਬਹੁ-ਰੰਗੀ ਹੈ। ਵਾਤਾਵਰਣ ਦਾ ਅੰਤਰ ਅਤੇ ਹੋਰ ਕਈ ਕਾਰਣਾਂ ਕਰਕੇ ਮਨੁੱਖਾਂ ਦੀ ਚਮੜੀ ਦਾ ਅੱਡ ਅੱਡ ਰੰਗ ਹੋਣਾ ਵੀ ਜੀਵਨ ਦੇ ਸਮੀਕਰਣ ਵਿਗੜ ਜਾਣ ਦਾ ਕਾਰਨ ਬਣਦਾ ਹੈ। ਜਿਵੇਂ ਗੋਰੀ ਚਮੜੀ ਵਾਲੇ ਸਮਝਦੇ ਹਨ ਕਿ ਉਹ ਪੈਦਾ ਹੀ ਦੂਜਿਆਂ 'ਤੇ ਰਾਜ ਕਰਨ ਲਈ ਹੋਏ ਹਨ ਅਤੇ ਇਸ ਗੱਲ ਨੂੰ ਪਰਚਾਰਦੇ ਵੀ ਬਹੁਤ ਹਨ। ਭੁੱਖ ਨੰਗ ਨਾਲ ਘੁਲਦੇ ਅਤੇ ਗੋਰੇ ਰੰਗ ਦੇ ਮਜ਼ਦੂਰ ਵੀ ਕਾਲੀ ਜਾਂ ਭੂਰੀ ਚਮੜੀ ਵਾਲੇ ਲੋਕਾਂ ਤੋਂ ਆਪਣੇ ਆਪ ਨੂੰ ਵਧੀਆ ਸਮਝਣ ਦਾ ਭਰਮ ਪਾਲ ਲੈਂਦੇ ਹਨ। ਸਰਮਾਏਦਾਰ ਲੋਕ ਇਸ ਗੱਲ ਦਾ ਲਾਭ ਉਠਾ ਕੇ ਕਿਰਤੀਆਂ ਨੂੰ ਧੜਿਆਂ ਵਿੱਚ ਵੰਡ ਕੇ ਉਹਨਾਂ ਦੀ ਲੁੱਟ ਕਰਨ ਲਈ ਆਪਣਾ ਰਾਹ ਪੱਧਰਾ ਕਰ ਲੈਂਦੇ ਹਨ।

ਅੱਡ ਅੱਡ ਖਿੱਤਿਆਂ ਅਤੇ ਦੇਸ਼ਾਂ ਦੇ ਹੋਣ ਕਰਕੇ ਲੋਕ ਇੱਕੋ ਮਨੁੱਖ ਜਾਤੀ ਦੇ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਇੱਕ ਦੂਜੇ ਤੋਂ ਅਲੱਗ ਸਮਝਦੇ ਹਨ, ਜਿਸ ਨਾਲ ਮਨੁੱਖੀ ਨਸਲ ਵਿੱਚ ਵੰਡੀਆਂ ਪੈ ਜਾਂਦੀਆਂ ਹਨ। ਇੱਕੋ ਮਨੁੱਖ ਜਾਤੀ ਹੋਣ ਦੀ ਭਾਵਨਾ ਨੂੰ ਠੇਸ ਪਹੁੰਚਦੀ ਹੈ। ਇਸ ਤਰ੍ਹਾਂ ਪੈਦਾ ਹੋਈ ਸਮਝ ਬੰਦੇ ਨੂੰ ਬੰਦੇ ਤੋਂ ਦੂਰ ਲੈ ਜਾਂਦੀ ਹੈ ਤੇ ਨਤੀਜਾ ਉਹੀ ਜ਼ਿੰਦਗੀ ਦੇ ਸਮੀਕਰਣ ਅਸੰਤੁਲਿਤ ਹੋਣ ਵਿੱਚ। ਸਮੀਕਰਣਾਂ ਨੂੰ ਸੰਤੁਲਿਤ ਕਰਨ ਲਈ ਹੰਸ ਰਾਜ ਜੀ ਦਾ ਦੱਸਿਆ ਤਰੀਕਾ ਜੇ ਇੱਕ ਪਾਸੇ ਵਿੱਚ ਕੁੱਝ ਜਮ੍ਹਾਂ ਕੀਤਾ ਜਾਵੇ ਤਾਂ ਬਰਾਬਰੀ ਕਾਇਮ ਰੱਖਣ ਲਈ ਦੂਜੇ ਪਾਸੇ ਵੀ ਉੰਨਾ ਹੀ ਜਮ੍ਹਾਂ ਕਰਨਾ ਪੈਂਦਾ ਹੈ ਅਤੇ ਇਹੀ ਘਟਾਓ, ਗੁਣਾਂ ਅਤੇ ਤਕਸੀਮ ਕਰਨ 'ਤੇ ਵੀ ਲਾਗੂ ਹੁੰਦਾ ਹੈ ਅਤੇ ਜਦੋਂ ਰਾਜਨੀਤਕ, ਧਾਰਮਿਕ, ਸਮਾਜਿਕ ਕਾਰਣਾਂ ਕਰਕੇ ਅਜਿਹਾ ਨਹੀਂ ਹੁੰਦਾ ਤਾਂ ਜ਼ਿੰਦਗੀ ਦੇ ਸਮੀਕਰਣ ਵਿਗੜ ਹੀ ਜਾਂਦੇ ਹਨ।

## ਜਾਗੀ ਹੋਈ ਆਤਮਾ

ਪੰਨਾ 5 ਤੋਂ ਅੱਗੇ

ਨੇੜੇ ਪਈ ਬੇਆਬਾਦ ਜ਼ਮੀਨ ਵਿਚ ਜਾ ਪੁੱਜਾ। ਕੁਝ ਦਿਨਾਂ ਵਿਚ ਉਸਨੇ ਨੇੜੇ ਦੇ ਪਿੰਡਾਂ ਵਿਚ ਚੱਕਰ ਮਾਰ ਕੇ ਸੌ ਕੁ ਅਜੇਹੇ ਟੱਬਰ ਲੱਭ ਲਏ, ਜਿਹੜੇ ਬੇਜ਼ੀਨੇ ਸਨ ਤੇ ਜਿਹੜੇ ਕੰਮ ਨਾ ਮਿਲਣ ਕਰ ਕੇ ਭੁੱਖਮਰੀ ਦੇ ਕਿਨਾਰੇ ਤੇ ਪੁੱਜੇ ਹੋਏ ਸਨ। ਉਸਨੇ ਉਨ੍ਹਾਂ ਨੂੰ ਇਕੱਠੇ ਕਰ ਕੇ ਕਿਹਾ, "ਮੇਰਾ ਸਾਥ ਦਿਓ। ਮੈਂ ਤੁਹਾਨੂੰ ਪੰਜ ਖੇਤ ਜ਼ਮੀਨ ਦੇ ਪ੍ਰਤੀ ਟੱਬਰ ਦੇਣ ਦਾ ਵਾਅਦਾ ਕਰਦਾ ਹਾਂ। ਜ਼ਮੀਨ ਮੈਂ ਟ੍ਰੈਕਟਰ ਨਾਲ ਵਾਹ ਕੇ ਤਿਆਰ ਕਰ ਕੇ ਬੀਜ ਕੇ ਦਿਆਂਗਾ। ਤੁਸੀਂ ਸਿਰਫ ਆਪਣੇ ਹੱਥਾਂ ਨਾਲ ਮੇਰੀ ਮਦਦ ਕਰਨੀ ਹੈ।' ਪਹਿਲਾਂ ਤਾਂ ਉਸਦਾ ਸਾਥ ਦੇਣ ਲਈ ਥੋੜ੍ਹੇ ਹੀ ਬੰਦੇ ਤਿਆਰ ਹੋਏ ਪਰ ਜਦੋਂ ਉਸਨੇ ਜ਼ਮੀਨ ਵਾਹ ਬੀਜ ਕੇ ਉਨ੍ਹਾਂ ਦੇ ਹਵਾਲੇ ਕਰ ਦਿੱਤੀ ਤਾਂ ਹੋਰ ਵੀ ਲੋਕ ਉਸ ਪਾਸ ਆਉਣ ਲੱਗ ਪਏ। ਇਸ ਤਰ੍ਹਾਂ ਉਸਨੇ ਸਾਲ ਕੁ ਵਿਚ ਹੀ ਸੈਂਕੜੇ ਖੇਤ ਤਿਆਰ ਕਰ ਕੇ ਵਾਹ ਬੀਜ ਕੇ ਇਨ੍ਹਾਂ ਬੇਜ਼ਮੀਨੇ ਲੋਕਾਂ ਨੂੰ ਸੰਭਾਲ ਦਿੱਤੇ। ਇਹ ਨਵੇਂ ਆਬਾਦ ਹੋਏ ਟੱਬਰ ਆਪਣੇ ਹੱਥਾਂ ਨਾਲ ਆਪਣੇ ਮਾੜੇ ਮੋਟੇ ਪਸ਼ੂਆਂ ਦੀ ਮਦਦ ਨਾਲ ਇਨ੍ਹਾਂ ਖੇਤਾਂ ਵਿਚ ਆਪਣੇ ਨਿਰਬਾਹ ਲਈ ਮਿਹਨਤ ਕਰਨ ਲੱਗ ਪਏ।

ਅਜਮੇਰ ਸਿੰਘ ਮਹੀਨੇ ਵਿਚ ਇੱਕ ਅੱਧ ਵਾਰੀ ਇੱਧਰ ਆਪਣੇ ਟਰੈਕਟਰ ਨਾਲ ਚੱਕਰ ਮਾਰਦਾ ਰਹਿੰਦਾ ਸੀ ਤੇ ਲੋੜ ਪੈਣ ਤੇ ਕਦੀ ਕਦੀ ਇਨ੍ਹਾਂ ਟੱਬਰਾਂ ਦੀ ਖੇਤੀ ਵਿਚ ਟ੍ਰੈਕਟਰ ਨਾਲ ਮਦਦ ਵੀ ਕਰ ਦਿੰਦਾ ਸੀ। ਜੇ ਉਨ੍ਹਾਂ ਨੂੰ ਮਦਦ ਦੀ ਲੋੜ ਨਾ ਵੀ ਹੋਵੇ ਤਾਂ ਵੀ ਉਹ ਜੀਪ ਲੈ ਕੇ ਆ ਜਾਂਦਾ ਸੀ ਤੇ ਉਨ੍ਹਾਂ ਦਾ ਦੁੱਖ ਸੁੱਖ ਪੁੱਛ ਜਾਂਦਾ ਸੀ। ਉਹ ਬੀਮਾਰਾਂ ਲਈ ਸ਼ਹਿਰੋਂ ਦਵਾਈਆਂ ਵੀ ਲੈ ਆਉਂਦਾ ਸੀ ਤੇ ਕਈ ਵੇਰ ਬੀਮਾਰਾਂ ਨੂੰ ਆਪਣੀ ਜੀਪ ਵਿਚ ਸ਼ਹਿਰ ਲੈਜਾ ਕੇ ਡਾਕਟਰ ਨੂੰ ਵੀ ਦਿਖਾ ਲਿਆਉਂਦਾ ਸੀ।

ਇਸ ਤਰ੍ਹਾਂ ਇਨ੍ਹਾਂ ਨਵੇਂ ਆਬਾਦਕਾਰਾਂ ਦਾ ਸਮਾਂ ਸੁਹਣਾ ਲੰਘਣ ਲੱਗ ਪਿਆ ਸੀ। ਫੇਰ ਛੇਤੀ ਹੀ ਅਜਮੇਰ ਨੂੰ ਸ਼ਿਕਾਇਤਾਂ ਮਿਲਣ ਲੱਗ ਪਈਆਂ ਕਿ ਇਨ੍ਹਾਂ ਆਬਾਦਕਾਰਾਂ ਨੂੰ ਕੁਝ ਅਣਪਛਾਣੇ ਬੰਦੇ ਧਮਕੀਆਂ ਦੇਣ ਲੱਗ ਪਏ ਸਨ ਕਿ ਜੇ ਉਹ ਇੱਥੋਂ ਆਪਣੇ ਟੱਬਰ ਟੀਹਰ ਸਮੇਤ ਤੁਰ ਨਾ ਗਏ ਤਾਂ ਉਨ੍ਹਾਂ ਨੂੰ ਨਤੀਜੇ ਭੁਗਤਣੇ ਪੈਣਗੇ। ਕੁਝ ਟੱਬਰ ਧਮਕੀਆਂ ਤੋਂ ਡਰ ਕੇ ਛੱਡ ਵੀ ਗਏ। ਜਦੋਂ ਅਜਮੇਰ ਸਿੰਘ ਨੂੰ ਪਤਾ ਲੱਗਾ ਤਾਂ ਉਸਨੇ ਸਾਰੇ ਅਬਾਦਕਾਰਾਂ ਦਾ ਇਕੱਠ ਕਰ ਕੇ ਉਨ੍ਹਾਂ ਨੂੰ ਹੌਸਲਾ ਦਿੰਦਿਆ ਕਿਹਾ, "ਘਬਰਾਓ ਨਹੀਂ, ਜਦੋਂ ਤੱਕ ਮੈਂ ਜੀਉਂਦਾ ਹਾਂ, ਕੋਈ ਵੀ ਤੁਹਾਡਾ ਵਾਲ ਵਿੰਗਾ ਨਹੀਂ ਕਰ ਸਕਦਾ।" ਇਸ ਪਿੱਛੋਂ ਆਪਣੀ ਲਾਇਸੰਸੀ ਬੰਦੂਕ ਲੈ ਕੇ ਉਹ ਹਫਤੇ ਵਿਚ ਇੱਕ ਵਾਰ ਆਪਣੀ ਜੀਪ ਵਿਚ ਇੱਧਰ ਚੱਕਰ ਲਾਉਣ ਲੱਗ ਪਿਆ।

ਸਿਰ ਫਿਰੇ ਖੂਨਖਾਰ ਜਾਨਵਰਾਂ ਤੋਂ ਉਹ ਕਿੰਨਾ ਕੁ ਚਿਰ ਇਨ੍ਹਾਂ ਲੋਕਾਂ ਦੀ ਰਾਖੀ ਕਰ ਸਕਦਾ ਸੀ? ਇੱਕ ਦਿਨ ਇਨ੍ਹਾਂ ਨਵ-ਅਬਾਦਕਾਰਾਂ ਨੇ ਨਵਾਂ ਜੀਵਨ ਦਾਨ ਕਰਨ ਵਾਲੇ ਆਪਣੇ ਇਸ ਪਿਆਰੇ ਸੁਪਨੇ ਸਾਜ਼ ਸਰਦਾਰ ਦੀ ਗੋਲੀਆਂ ਵਿੰਨ੍ਹੀ ਲਾਸ਼ ਉਸਦੀ ਜੀਪ ਸਣੇ ਝੁਲਸੀ ਪਈ ਦੇਖੀ। ਗ਼ਰੀਬਾਂ ਦੇ ਬੱਚਿਆਂ ਦੇ ਮੂਹਾਂ ਤੇ ਮੁਸਕਰਾਹਟ ਦੇਖਣ ਦਾ ਚਾਹਵਾਨ ਆਪਣੇ ਬੱਚਿਆਂ ਤੇ ਪਤਨੀ ਨੂੰ ਹੰਝੂਆਂ ਦੇ ਹਾਰ ਦੇ ਕੇ ਤੁਰ ਗਿਆ। ਕੋਈ ਪਤਾ ਨਹੀਂ ਲਾ ਸਕਿਆ ਕਿ ਅਜਮੇਰ ਦੀ ਮੌਤ ਲਈ ਕੌਣ ਜ਼ਿੰਮੇਵਾਰ ਸੀ। ਲੋਕੀਂ ਤਰ੍ਹਾਂ ਤਰ੍ਹਾਂ ਦੇ ਕਿਆਸ ਲਾਉਂਦੇ ਸਨ॥ ਕੋਈ ਉਸਦੇ ਕਤਲ ਵਿਚ ਸਰਕਾਰੀ ਬੰਦਿਆਂ ਦਾ ਹੱਥ ਦੱਸਦਾ ਹੋਇਆ ਕਹਿੰਦਾ, "ਸਰਕਾਰ ਕਦੋਂ ਬਰਦਾਸ਼ਤ ਕਰ ਸਕਦੀ ਹੈ ਕਿ ਕੋਈ ਉਸਦੀ ਖਾਲੀ ਪਈ ਜ਼ਮੀਨ ਤੇ ਕਬਜ਼ਾ ਕਰ ਲਵੇ। ਜੇ ਇਸ ਤਰ੍ਹਾਂ ਸਰਕਾਰ ਹੋਣ ਦੇਵੇ ਤਾਂ ਲੋਕ ਤਾਂ ਸਾਰੀ ਵਿਹਲੀ ਪਈ ਸਰਕਾਰੀ ਜ਼ਮੀਨ ਮੱਲ ਲੈਣ।" ਬਹੁਤੇ ਲੋਕਾਂ ਦਾ ਖਿਆਲ ਸੀ ਕਿ ਇਹ ਬੇਅਬਾਦ ਜ਼ਮੀਨ ਭਾਰਤ-ਨਿਪਾਲ ਸਰਹੱਦ ਦੇ ਆਰਪਾਰ ਜਾਂਦੇ ਆਉਂਦੇ ਸਮਗਲਰਾਂ ਦਾ ਸਵਰਗ ਸੀ॥ ਇਸਦੇ ਆਬਾਦ ਹੋਣ ਨਾਲ ਉਨ੍ਹਾਂ ਦੇ ਕੰਮ ਵਿਚ ਰੁਕਾਵਟ ਪੈ ਗਈ ਸੀ। ਅਜਮੇਰ ਸਿੰਘ ਨੂੰ ਮਾਰ ਕੇ ਉਨ੍ਹਾਂ ਨੇ ਇਹ ਰੁਕਾਵਟ ਦੂਰ ਕਰ ਦਿੱਤੀ ਸੀ।

ਅਜਮੇਰ ਸਿੰਘ ਦੀ ਉਮਰ ਉਸ ਵੇਲੇ 25 ਕੁ ਸਾਲ ਦੀ ਸੀ। ਉਸਦੀ ਮੌਤ ਪਿੱਛੋਂ ਕੁਝ ਮਹੀਨਿਆਂ ਵਿਚ ਹੀ ਸਾਰੇ ਅਬਾਦਕਾਰ ਜ਼ਮੀਨਾਂ ਛੱਡ ਕੇ ਚਲੇ ਗਏ। ਇਹ ਬੇਅਬਾਦ ਪਈ ਜ਼ਮੀਨ ਹੁਣ ਫੇਰ ਸਮਗਲਰਾਂ ਦਾ ਸਵਰਗ ਬਣ ਗਈ ਹੈ। ਹੁਣ ਕੌਣ ਆਉਂਦਾ ਉਨ੍ਹਾਂ ਨਵਆਬਾਦਕਾਰਾਂ ਨੂੰ ਹੌਸਲਾ ਦੇਣ? ਅਜਮੇਰ ਸਿੰਘ ਵਰਗੇ ਚਮਤਕਾਰੀ ਮਨੁੱਖ ਨਿੱਤ ਤਾਂ ਨਹੀਂ ਜੰਮਦੇ।

# “ਛੱਟਾ ਤਾਰਿਆਂ ਦਾ ਸੁੱਟਿਆ ਹਨੇਰਿਆਂ ਦੇ ਵਿਚ ਲੱਖਾਂ ਕਿਰਨਾਂ ਬਖੇਰੀਆਂ ਸਵੇਰਿਆਂ ਦੇ ਵਿਚ...”



ਇੰਦਰਜੀਤ ਚੁਗਾਵਾਂ

ਗੁਰੂ ਨਾਨਕ ਜਨਮ ਤੋਂ ਹੀ ਦੈਵੀ ਪੁਰਸ਼ ਹੋਣ ਕਰਕੇ ਅਤੇ ਗਿਆਨਵਾਨ ਹੋਣ ਕਾਰਨ ਸਮਾਜਕ ਹਾਲਤ ਬਾਰੇ ਵੀ ਜਾਣਦੇ ਸਨ ਅਤੇ ਰੂਹਾਨੀ ਸੁਰਾਂ ਬਾਰੇ ਵੀ। ਉਨ੍ਹਾਂ ਆਪਣੇ ਗਿਆਨ ਦਾ ਚਾਨਣਾ ਸ਼ੁਰੂ ਕਰਦਿਆਂ ਅਗਿਆਨ ਅਤੇ ਹਨੇਰੇ ਨੂੰ ਹਰ ਥਾਂ ਤੋਂ ਭਜਾਇਆ। ਹਰ ਥਾਂ ਤੱਥਾਂ ਅਤੇ ਸਬੂਤਾਂ ਦੀ ਗਵਾਹੀ ਭਰੀ।

ਉਨ੍ਹਾਂ ਦੇ ਜੀਵਨ-ਸਫਰ ਦੇ ਵੱਖ ਵੱਖ ਪੜਾਵਾਂ ਸਮੇਂ ਜੋੜੇ ਗਏ ਪ੍ਰਸੰਗਾਂ ਦੀ ਇਤਿਹਾਸਕ ਸਚਾਈ ਤਾਂ ਇਤਿਹਾਸਕਾਰ ਜਾਨਣ ਪਰ ਜੋ ਜੋ ਕਥਾ ਕਹਾਣੀਆਂ ਇਨ੍ਹਾਂ ਪ੍ਰਸੰਗਾਂ ਨਾਲ ਜੁੜੀਆਂ ਹੋਈਆਂ ਹਨ ਉਹ ਅਰਥਪੂਰਨ ਵੀ ਹਨ ਅਤੇ ਸੱਚ ਦਾ ਸਰੂਪ ਵੀ। ਉਨ੍ਹਾਂ ਆਪਣੀਆਂ ਟਿੱਪਣੀਆਂ ਵਿੱਚ ਧਾਰਮਿਕ ਰਸਮਾਂ-ਰਿਵਾਜਾਂ, ਜਾਤਪਾਤ ਅਤੇ ਧਰਮ ਖੇਤਰ ਅੰਦਰ ਬੈਠੇ ਮੋਹਰੀਆਂ ਦੇ ਪਾਖੰਡਾਂ ਅਤੇ ਕਰਨੀਆਂ ਬਾਰੇ ਜੋ ਕਹਿ ਦਿੱਤਾ, ਉਹ ਰੋਸ਼ਨੀ ਦਾ ਅਜਿਹਾ ਝਲਕਾਰਾ ਹੈ ਜੋ ਜਗਤ ਭਰ ਵਿਚ ਮਨੁੱਖੀ-ਮਨਾਂ ਦੇ ਹਨੇਰੇ ਸਫਿਆਂ ’ਤੇ ਗਿਆਨ ਦਾ ਚਾਨਣ ਵੀ ਹੈ ਅਤੇ ਜਿੰਦਗੀ ਦੇ ਮਨੋਰਥ ਦਾ ਖੁਲਾਸਾ ਵੀ।

ਗੁਰੂ ਨਾਨਕ ਦੇਵ ਸੱਚ ਦਾ ਪ੍ਰਕਾਸ਼ ਸਨ ਅਤੇ ਪੂਰਨ ਕਰਮਯੋਗੀ। ਤਰਕ ਨਾਲ ਆਪਣੀ ਗੱਲ ਨੂੰ ਜ਼ੋਰਦਾਰ ਬਣਾਉਂਦੇ ਹੋਏ ਸਾਹਮਣੇ ਵਾਲੇ ਲਈ ਅਜਿਹੀ ਹਾਲਤ ਪੈਦਾ ਕਰ ਦਿੰਦੇ ਕਿ ਉਹ ਜਾਂ ਤਾਂ ਗੱਲ ਮੰਨ ਲੈਣ ਜਾਂ ਢੁੱਕਵਾਂ ਜਵਾਬ ਦੇਣ। ਉਨ੍ਹਾਂ ਦੀਆਂ ਦਲੀਲਾਂ ਦੀ ਰੋਸ਼ਨੀ ਨੇ ਤਾਂ ਸਿੱਧਾਂ-ਨਾਥਾਂ ਦੇ ਮੱਥਿਆਂ ਵਿਚ ਅਜਿਹੇ ਤਾਰੇ ਚਾੜ੍ਹੇ ਕਿ ਉਹ ਪ੍ਰਭਾਵਿਤ ਵੀ ਹੋ ਗਏ ਅਤੇ ਨਿਰਉੱਤਰ ਵੀ। ਇਹ ਸਾਰਾ ਸੰਵਾਦ ਗੁਰਬਾਣੀ ਦਾ ਮੁੱਖ ਹਿੱਸਾ ਹੈ, ਜਿਸ ਨੂੰ ਪੜ੍ਹ ਸੁਣ ਕੇ ਪ੍ਰਸ਼ਨ ਉੱਤਰ ਦੇ ਸਿਲਸਿਲੇ ਵਿੱਚ ਮਾਣਦਿਆਂ ਬੌਧਿਕ ਹੁਸਨ ਦੀਆਂ ਉਡਾਰੀਆਂ ਵੀ ਭਰੀਆਂ ਜਾ ਸਕਦੀਆਂ ਹਨ ਅਤੇ ਮਿਆਰੀ ਸੰਵਾਦ ਦਾ ਆਨੰਦ ਵੀ ਮਾਣਿਆ ਜਾ ਸਕਦਾ ਹੈ। ਇਹ ਸਾਰਾ ਕੁੱਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਲਗਦਾ ਹੈ:

ਛੱਟਾ ਤਾਰਿਆਂ ਦਾ ਸੁੱਟਿਆ ਹਨੇਰਿਆਂ ਦੇ ਵਿਚ।
ਲੱਖਾਂ ਕਿਰਨਾਂ ਬਖੇਰੀਆਂ ਸਵੇਰਿਆਂ ਦੇ ਵਿਚ।
ਸਿੱਧਾਂ ਜੋਗੀਆਂ ਦੇ ਮੱਥਿਆਂ ’ਚ ਤਾਰੇ ਚਾੜ੍ਹ ਦਿੱਤੇ,
ਲੋਅ ਫੇਰ ਵੀ ਨਾ ਹੋਈ ਸਾਡੇ ਡੇਰਿਆਂ ਦੇ ਵਿਚ।

ਗੁਰੂ ਨਾਨਕ ਦੇਵ ਸਮਾਜਿਕ ਜ਼ਿੰਮੇਵਾਰੀ ਲਈ ਮੌਲਿਕ ਅਤੇ ਵਿਲੱਖਣ ਸੋਚ ਰੱਖਣ ਵਾਲੇ ਅਜਿਹੇ ਸਿਰਜਕ ਸਨ, ਜਿਨ੍ਹਾਂ ਨੇ ਆਪਣੇ ਵਿਚਾਰਾਂ ਵਿਚ ਉੱਚ ਕਦਰਾਂ ਕੀਮਤਾਂ ਨੂੰ ਅਹਿਮ ਥਾਂ ਦੇ ਕੇ ਸਮਾਜ ਨੂੰ ਸਾਫ ਸੁਥਰੇ ਰਾਹਾਂ ’ਤੇ ਤੋਰਨ ਲਈ ਸੂਝਬੂਝ ਭਰੇ ਨੁਸਖੇ ਦਿੱਤੇ। ਉਨ੍ਹਾਂ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਆਪਸੀ ਵਖਰੇਵੇਂ ਦੂਰ ਕਰਨ ਵਾਸਤੇ ਸਾਂਝਾਂ ਦੇ ਮਜ਼ਬੂਤ ਪੁਲ ਉਸਾਰ ਕੇ ਮਨੁੱਖੀ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਦਾ ਸਪਸ਼ਟ ਅਤੇ ਉੱਚਾ ਹੋਕਾ ਦਿੱਤਾ।

ਉਹ ਮਜ਼ਬਾਂ ਦੇ ਗਲਤ ਵਰਤਾਰਿਆਂ ਅਤੇ ਪਾਖੰਡਾਂ ਅੱਗੇ ਸਵਾਲ ਬਣਕੇ ਖੜ੍ਹੇ ਹੋਏ ਜਿਸ ਕਾਰਨ ਸਮਿਆਂ ਤੋਂ ਚਲੀਆਂ ਆ ਰਹੀਆਂ ਬੇਅਰਥ ਰੀਤਾਂ ਤੋਂ ਸਾਫ ਮੁਨਕਰ ਹੋ ਗਏ। ਦਲੀਲ ਦਾ ਪ੍ਰਕਾਸ਼ ਕਰਨ ਲਈ ਉਨ੍ਹਾਂ ਪਾਣੀ ਕਰਤਾਰਪੁਰ ਦੇ ਖੇਤਾਂ ਨੂੰ ਪਹੁੰਚਾਉਣ ਦਾ ਜਤਨ ਕਰਦਿਆਂ ਸੂਰਜ ਤੱਕ ਪਾਣੀ ਪਹੁੰਚਾਏ ਜਾਣ ਦੇ ਦਾਅਵੇ ਨੂੰ ਆਸਾਨੀ ਨਾਲ ਗਲਤ ਦੱਸਦਿਆਂ ਰੱਦ ਕਰ ਦਿੱਤਾ।

ਗੁਰੂ ਨਾਨਕ ਦੇਵ ਨੇ ਅਗਿਆਨ ਦੇ ਸਮਿਆਂ ਵਿੱਚ ਅਜਿਹਾ ਗਿਆਨ ਵੰਡਿਆ ਜਿਸ ਨਾਲ ਘਰ ਘਰ ਵੀ ਲੋਅ ਹੋ ਗਈ ਅਤੇ ਮਨੋਂ-ਮਨੀਂ ਵੀ। ਉਨ੍ਹਾਂ ਕੇਵਲ ਪ੍ਰਵਚਨ ਹੀ ਨਹੀਂ ਕੀਤੇ, ਜਿੱਥੇ ਲੋੜ ਪਈ ਸੰਵਾਦ ਵੀ ਰਚਾਇਆ। ਵਿਚਾਰਾਂ ’ਤੇ ਅਮਲ ਕਰਨ ਨੂੰ ਪਹਿਲ ਦੇ ਕੇ ਗੱਲ ਸਿਰੇ ਲਾ ਕੇ ਛੱਡੀ।

ਉਹ ਅਜਿਹੇ ਸੰਤ, ਫਕੀਰ ਅਤੇ ਸੱਚੇ ਮਾਰਗ ਦੇ ਪਾਂਧੀ ਸਨ, ਜਿਨ੍ਹਾਂ ਕਿਰਤ ਕਰਨ ਨੂੰ ਤਰਜੀਹ ਦਿੱਤੀ ਅਤੇ ਵੰਡ ਛਕਣ ਦੀ ਪਿਰਤ ਪਾਈ। ਉਹ ਅਮੀਰ ਗਰੀਬ ਦੇ ਪਾੜੇ ਨੂੰ ਖੂਬ ਸਮਝਣ ਦੇ ਨਾਲ ਹੀ ਇਸ ਨੂੰ ਖਤਮ ਕਰਨ ਦੇ ਹੱਕ ਵਿਚ ਸਨ। ਇੱਥੇ ਭਾਈ ਲਾਲੋ ਅਤੇ ਮਲਕ ਭਾਗੋ ਦੀ ਕਹਾਣੀ ਨੂੰ ਯਾਦ ਕਰਨਾ ਹੀ ਠੀਕ ਰਹੇਗਾ। ਹੁਣ ਗੱਲ ਉਲਟ ਹੋ ਕੇ ਰਹਿ ਗਈ ਕਿ ਬਹੁਤ ਸਾਰੇ ਗੁਰੂ ਨਾਨਕ ਨਾਮ ਲੇਵਾ ਮਲਕ ਭਾਗੋ ਹੀ ਬਣਨਾ ਚਾਹੁੰਦੇ ਹਨ ਭਾਈ ਲਾਲੋ ਨਹੀਂ। ਇਹ ਦੌੜ ਬੰਦ ਵੀ ਨਹੀਂ ਹੋ ਰਹੀ।

ਅੱਜ ਹਾਲਾਤ ਇਹ ਹਨ ਕਿ ਜਿਨ੍ਹਾਂ ਉੱਤੇ ਸਮਾਜ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਹੈ ਉਹ ਹੀ ਸਹੀ ਰਾਹ ’ਤੇ ਨਹੀਂ ਚੱਲ ਰਹੇ। ਕਥਨੀ ਅਤੇ ਕਰਨੀ ਵਿਚ ਪਾੜਾ ਵਧਣ ਕਾਰਨ ਗੁਰਬਾਣੀ ਦੀ ਜਗਮਗ ਕਰਦੀ ਰੋਸ਼ਨੀ ਤੋਂ ਲਾਹਾ ਨਹੀਂ ਲਿਆ ਜਾ ਰਿਹਾ। ਜੇ ਕਿਤੇ ਇਹ ਰੋਸ਼ਨੀ ਮਨਾਂ ਵਿਚ ਅਪਨਾ ਲਈ ਜਾਵੇ ਤਾਂ ਸਭ ਵਿਤਕਰੇ ਦੂਰ ਹੋ ਜਾਣਗੇ ਅਤੇ ਸਿੱਖ ਸਮਾਜ ਜਗਮਗ ਜਗਮਗ ਕਰਨ ਲੱਗ ਪਵੇਗਾ ਜੋ ਸੰਸਾਰ ਭਰ ਦੇ ਲੋਕਾਂ ਲਈ ਇਕ ਮਿਸਾਲ ਬਣ ਜਾਵੇਗਾ।

ਗੁਰੂ ਨਾਨਕ ਦੇਵ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਚ ਜਨਮ ਲੈ ਕੇ ਉੱਥੇ ਦੇ ਹੋ ਕੇ ਹੀ ਨਹੀਂ ਰਹੇ ਸਗੋਂ ਆਪਣੀ ਵਿਲੱਖਣ ਹਸਤੀ, ਇਨਕਲਾਬੀ ਸੋਚ ਅਤੇ ਵਿਸ਼ਾਲਤਾ ਭਰੇ ਵਰਤਾਰੇ ਨਾਲ ਸਮੁੱਚੇ ਜਗਤ ਦੀ ਸਾਰ ਲੈਣ ਵਾਲੇ ਬਣੇ ਜਿਨ੍ਹਾਂ ਨੇ ਸਾਂਝੀਵਾਲਤਾ ਅਤੇ ਬਰਾਬਰੀ ਦੇ ਸਰੋਕਾਰਾਂ ਨਾਲ ਸਾਰੀ ਮਾਨਵਤਾ ਨੂੰ ਗਲਵਕੜੀ ਵਿਚ ਲੈ ਲਿਆ। ਅਜਿਹੀ ਆਰਤੀ ਰਚ ਦਿੱਤੀ ਜਿਸ ਨੂੰ ਵਿਸ਼ਵ ਦਾ ਰੂਹਾਨੀ ਗੀਤ ਮੰਨਿਆ ਜਾ ਸਕਦਾ ਹੈ। ਇਸ ਨੂੰ ਬੋਲਦਿਆਂ ਜਾਂ ਗਾਉਂਦਿਆਂ ਸਾਰਾ ਬ੍ਰਹਿਮੰਡ ਮਨ ਵਿਚ ਆ ਜਾਂਦਾ ਹੈ ਅਤੇ ਮਨ ਵੀ ਬ੍ਰਹਿਮੰਡ ਨਾਲ ਯਾਤਰਾ ਕੀਤੇ ਬਿਨਾਂ ਨਹੀਂ ਰਹਿੰਦਾ।

ਗੁਰੂ ਨਾਨਕ ਦੇਵ ਨੇ ਸਮੇਂ ਦੀ ਧਾਰਾ ਨੂੰ ਗਹਿਰਾਈ ਤੱਕ ਸਮਝ ਕੇ ਨਵੀਂ ਦਿਸ਼ਾ ਵਲ ਮੋੜਿਆ ਕਿ ਅਕਾਲ ਪੁਰਖ ਨੂੰ ਲੱਭਣ ਲਈ ਮਨ ਅੰਦਰ ਝਾਕਣ ਦੀ ਲੋੜ ਹੈ ਤਾਂ ਕਿ ਮਨ ’ਤੇ ਕਾਬੂ ਹੋ ਜਾਏ ਤਾਂ ਜਗਤ ਆਪੇ ਜਿੱਤਿਆ ਜਾਵੇਗਾ। ਉਨ੍ਹਾਂ ਭੇਖ ਨੂੰ ਛੱਡ ਕੇ ਰੂਹ ਦੇ ਪਾਰ ਉਤਾਰੇ ਦੀ ਗੱਲ ਕੀਤੀ। ਨਵਾਂ ਜੀਵਨ ਫਲਸਫਾ ਦਿੱਤਾ ਅਤੇ ਨਵੀਂ ਜੀਵਨ ਜਾਚ।

ਉਨ੍ਹਾਂ ਬਾਣੀ ਕੇਵਲ ਗਾਇਣ ਕਰਨ ਵਾਸਤੇ ਹੀ ਨਹੀਂ ਉਚਾਰੀ ਸਗੋਂ ਜੀਵਨ ਵਿਚ ਉਚਾਰਨ ਲਈ ਕਿਹਾ ਹੈ ਤਾਂ ਕਿ ਮਨੁੱਖ ਦੇ ਜੀਵਨ-ਵਿਹਾਰ ਵਿਚ ਹਾਂ-ਪੱਖੀ ਬਦਲਾਅ ਆ ਸਕੇ। ਜੀਵਨ ਵਿੱਚ ਸੰਤੁਸ਼ਟੀ ਵੱਡਿਆਂ ਮਗਰ ਦੌੜ ਕੇ ਨਹੀਂ ਹੋ ਸਕਦੀ ਸਗੋਂ ਆਪੇ ਵਿਚ ਸੰਤੁਸ਼ਟੀ ਅਤੇ ਸ਼ਾਂਤ ਰਿਹਾ ਜਾਵੇ ਤਾਂ ਸਿਖਰਾਂ ਦੂਰ ਨਹੀਂ ਰਹਿੰਦੀਆਂ।

ਉਹ ਸਮਾਜਕ ਵਰਤਾਰੇ ’ਤੇ ਵੀ ਟਿੱਪਣੀਆਂ ਕਰਦੇ ਹਨ ਅਤੇ ਧਰਮ ਦੇ ਖੇਤਰ ਵਿਚ ਹੋ ਰਹੇ ਅਡੰਬਰਾਂ ਬਾਰੇ ਵੀ। ਉਨ੍ਹਾਂ ਜੀਵਨ ਦਾ ਸਰਲ ਸਾਧਾਰਨ ਫਲਸਫਾ ਦਿੱਤਾ ਜਿਸ ਦੇ ਅਧਾਰ ’ਤੇ ਅਜਿਹਾ ਧਰਮ ਪੈਦਾ ਹੋ ਗਿਆ ਜਿਸ ਨਾਲ ਮਨੁੱਖ ਦੇ ਜੀਵਨ ਵਿਚ ਬਦਲਾਅ ਵੀ ਹੋ ਸਕਦਾ ਹੈ ਅਤੇ ਵਿਕਾਸ ਵੀ।

ਉਨ੍ਹਾਂ ਸਪਸ਼ਟ ਟਿੱਪਣੀਆਂ ਰਾਹੀਂ ਧਰਮਾਂ ਵਾਲਿਆਂ ਨੂੰ ਵੀ ਸਮਝਾਉਣ ਦਾ ਸਫਲ ਜਤਨ ਕੀਤਾ, ਧਰਮ ਦੀ ਗਹਿਰਾਈ ਅਤੇ ਅਸਲੀ ਰੂਹ ਦੇ ਦਰਸ਼ਨ ਕਰਵਾਏ ਤਾਂ ਕਿ ਮਨੁੱਖ ਫਜ਼ੂਲ ਦੇ ਵਖਰੇਵਿਆਂ ਨੂੰ ਛੱਡ ਕੇ ਸਮਾਜ ਵਿਚ ਰਹਿੰਦਿਆਂ ਰੂਹ ਦਾ ਸਫਰ ਕਰੇ।

ਆਓ ਸਾਰੇ ਸੋਚ ਦੀ ਵੱਡ ਆਕਾਰੀ ਅਤੇ ਅਮਲਾਂ ਦੀ ਮਿਆਰੀ ਹਸਤੀ ਅੱਗੇ ਨਤਮਸਤਕ ਹੋਈਏ ਅਤੇ ਉਨ੍ਹਾਂ ਦੇ 548ਵੇਂ ਪ੍ਰਕਾਸ਼ ਉਤਸਵ ’ਤੇ ਪ੍ਰਣ ਕਰੀਏ ਕਿ ਉਨ੍ਹਾਂ ਦੇ ਦਾਰਸ਼ਨਿਕ ਅਤੇ ਸਮਾਜਕ ਵਿਚਾਰਾਂ ਨੂੰ ਅਪਨਾਵਾਂਗੇ, ਕਿਰਤ ਕਰਾਂਗੇ, ਵੰਡ ਕੇ ਛਕਾਂਗੇ ਅਤੇ ਸਰਬੱਤ ਦੇ ਭਲੇ ਵਾਲੇ ਸਿਧਾਂਤ ’ਤੇ ਹਰ ਸੂਰਤ ਪਹਿਰਾ ਦੇਵਾਂਗੇ।

# ਇੰਨਾ ਸੱਚ ਨਾ ਬੋਲ



ਸੁਰਜੀਤ ਸਿੰਘ ਫਲੋਰਾ

ਇੰਨਾ ਸੱਚ ਨਾ ਬੋਲ ਕਿ ’ਕੱਲ੍ਹਾ ਰਹਿ ਜਾਵੇਂ! ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ ... ਸੱਤਰਾਂ ਲਿਖਣ ਵਾਲਾ ਅਮੀਰ ਸਾਹਿਤਕ ਸਮਕਾਲੀ ਪੰਜਾਬੀ ਕਵੀ ਜਿਹਨਾਂ ਦੀਆਂ ਕਵਿਤਾਵਾਂ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਯਥਾਰਥ ਨੂੰ ਦਰਸਾਉਂਦੀਆਂ ਹਨ, ਜੋ ਅਕਸਰ ਆਮ ਲੋਕਾਂ ਦੇ ਸੰਘਰਸ਼ਾਂ ’ਤੇ ਕੇਂਦਰਿਤ ਰਹੀਆਂ, ਸੁਰਜੀਤ ਪਾਤਰ ਅੱਜ ਸਾਡੇ ਵਿੱਚ ਨਹੀਂ ਰਹੇ, ਪਰ ਉਹਨਾਂ ਦੀਆਂ ਇਹ ਸਤਰਾਂ, ਉਹਨਾਂ ਦੇ ਸੱਚ ਬੋਲਣ ਤੋਂ ਬਾਅਦ ਵੀ ਲੱਖਾਂ ਸਾਹਿਤਕ ਪ੍ਰੇਮੀ ਹਨ, ਜੋ ਉਹਨਾਂ ਦੀ ਸੱਚੀ ਤੇ ਸੁੱਚੀ ਦੇਹ ਨੂੰ ਮੋਢਾ ਦੇਣ ਲਈ ਤਿਆਰ ਹੋਣਗੇ।

ਕਿਸੇ ਵੀ ਭਾਸ਼ਾ ਨਾਲ ਸੰਬੰਧਤ ਕੋਈ ਵੀ ਕਵੀ ਤੇ ਸਾਹਿਤਕਾਰ ਉਸ ਭਾਸ਼ਾ ਨੂੰ ਪੜ੍ਹਨ ਵਾਲਿਆਂ ਅਤੇ ਉਸ ਖੇਤਰ ਦਾ ਇੱਕ ਵੱਡਮੁਲਾ ਸਰਮਾਇਆ ਹੋਇਆ ਕਰਦਾ ਹੈ। ਇਸ ਤਰ੍ਹਾਂ ਕਿਸੇ ਵੀ ਸਾਹਿਤਕ ਸ਼ਖਸੀਅਤ ਦਾ ਅਚਾਨਕ ਵਿਛੋੜਾ ਦੇ ਜਾਣਾ ਯਕੀਨਨ ਸਾਹਿਤ ਪ੍ਰੇਮੀਆਂ ਲਈ ਕਦੇ ਵੀ ਪੂਰਾ ਨਾ ਕੀਤਾ ਜਾ ਸਕਣ ਵਾਲਾ ਘਾਟਾ ਸਾਬਤ ਹੁੰਦਾ ਹੈ।

ਮੇਰੇ 1970 ਦੇ ਜਨਮ ਤੋਂ 10 ਸਾਲ ਪਹਿਲਾਂ ਉਹ ਇੱਕ ਮਕਬੂਲ ਕਵੀ ਸਨ, ਪਰ ਉਹਨਾਂ ਦੀਆਂ ਕਵਿਤਾਵਾਂ ਨੂੰ ਮੈਂ ਬਹੁਤ ਨੇੜੇ ਤੋਂ ਪੜ੍ਹਿਆ ਹੈ। ਉਹਨਾਂ ਤੋਂ ਪਹਿਲਾਂ ਪੰਜਾਬ ਦੇ ਇੱਕ ਅਮੀਰ ਸਾਹਿਤਕ ਵਿਰਸੇ, ਸੱਭਿਆਚਾਰ ਵਿੱਚ ਬਹੁਤ ਸਾਰੇ ਨਾਮਵਰ ਕਵੀ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇੱਥੇ ਕੁਝ ਪ੍ਰਸਿੱਧ ਪੰਜਾਬੀ ਕਵੀ ਹਨ: 19ਵੀਂ ਸਦੀ ਤੋਂ ਪਹਿਲਾਂ (ਬਾਬਾ ਫਰੀਦ, ਬਾਬਾ ਬੁੱਲ੍ਹੇ ਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹ ਹੁਸੈਨ, ਵਾਰਿਸ਼ ਸ਼ਾਹ, ਕਾਦਰਯਾਰ, ਪੀਲੂ, ਹਾਸ਼ਮ ਸ਼ਾਹ ਹੋਏ ਹਨ।

19ਵੀਂ ਤੋਂ 20ਵੀਂ ਸਦੀ ਬਾਬੂ ਰਜਬ ਅਲੀ, ਪੂਰਨ ਸਿੰਘ, ਸ਼ਾਹ ਮੁਹੰਮਦ, ਡਾ. ਦੀਵਾਨ ਸਿੰਘ ਕਾਲੇਪਾਣੀ, ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਫ਼ਿਰੋਜ਼ਦੀਨ ਸ਼ਰਫ਼, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਚਰਨ ਸਿੰਘ ਸ਼ਹੀਦ ਤੇ ਫਿਰ 20ਵੀਂ ਤੋਂ 21ਵੀਂ ਸਦੀ ਦੇ ਮੱਧ ਸ਼ਿਵ ਕੁਮਾਰ ਬਟਾਲਵੀ, ਅਵਤਾਰ ਸੰਧੂ ਉਰਫ਼ ਪਾਸ਼, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਚਮਨ ਲਾਲ, ਜਸਵੰਤ ਜਾਫ਼ਰ, ਐੱਸ.ਐੱਸ. ਮੀਸ਼ਾ, ਗੁਰਮੁਖ ਸਿੰਘ ਮੁਸਾਫਿਰ, ਵਿਦਾਤਾ ਸਿੰਘ ਤੀਰ ਆਦਿ ਹੋਏ ਹਨ। ਮੇਰੇ ਨਿੱਜੀ ਮਨਪਸੰਦ: ਸ਼ਿਵ ਕੁਮਾਰ ਬਟਾਲਵੀ, ਅਵਤਾਰ ਸੰਧੂ ਉਰਫ਼ ਪਾਸ਼, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ ਅਤੇ ਬਾਬਾ ਬੁੱਲ੍ਹੇ ਸ਼ਾਹ ਹੋਏ ਹਨ।

ਅੱਜ ਪੰਜਾਬੀ ਕਾਵਿ ਦੀ ਪ੍ਰਮੁੱਖ ਵਿਧਾ ਬਣ ਚੁੱਕੀ ਹੈ ਅਤੇ ਬਹੁਤ ਸਾਰੇ ਕਵੀ ਆਪਣਿਆਂ ਕਵਿਤਾਵਾਂ ਰਾਹੀਂ ਦਿਲਕਸ਼, ਖੂਬਸੂਰਤ ਅਤੇ ਬਾ-ਕਮਾਲ ਸ਼ਾਇਰੀ ਦੀ ਰਚਨਾ ਕਰ ਰਹੇ ਹਨ। ਪਰ ਕੋਈ ਸਮਾਂ ਸੀ ਜਦੋਂ ਉਰਦੂ ਦੇ ਵਿਦਵਾਨ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਆਖਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਪੰਜਾਬੀ ਵਿੱਚ ਕਵਿਤਾ-ਗ਼ਜ਼ਲ ਲਿਖੀ ਹੀ ਨਹੀਂ ਜਾ ਸਕਦੀ। ਉਰਦੂ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਵਿਦਵਾਨਾਂ ਦਾ ਵੀ ਵਿਚਾਰ ਸੀ ਕਿ ਗ਼ਜ਼ਲ ਉਰਦੂ ਭਾਸ਼ਾ ਦੀ ਸਿਨਫ਼ ਹੈ, ਅਰਬੀ ਵਿੱਚੋਂ ਆਈ ਹੈ ਅਤੇ ਇਹ ਪੰਜਾਬੀ ਭਾਸ਼ਾ ਨਾਲ ਮੇਲ ਨਹੀਂ ਖਾ ਸਕਦੀ। ਇਸ ਮੁਕਾਬਲੇ ਨੂੰ ਕਬੂਲ ਕਰਨ ਅਤੇ ਪੰਜਾਬੀ ਵਿੱਚ ਕਵਿਤਾ-ਗ਼ਜ਼ਲ ਦੀ ਰਚਨਾ ਕਰਨ ਲਈ ਫਿਰ ਕਈ ਪੰਜਾਬੀ ਸ਼ਾਇਰ ਮੈਦਾਨ ਵਿੱਚ ਆਏ। ਉਨ੍ਹਾਂ ਵਿੱਚੋਂ ਉਸਤਾਦ ਦੀਪਕ ਜੈਤੋਈ, ਸਾਧੂ ਸਿੰਘ ਹਮਦਰਦ, ਉਲਫਤ ਬਾਜਵਾ ਤੇ ਸੁਰਜੀਤ ਪਾਤਰ

ਬਾਕੀ ਪੰਨਾ 8 ’ਤੇ

# ਬਾਬਾ ਵਾਪਸ ਆ ਗਿਆ



ਰੂਪ ਢਿੱਲੋਂ

ਨਿਰਮਲ ਤਸਵੀਰ ਵੱਲ ਤੱਕ ਰਿਹਾ ਸੀ।

ਕਮਰੇ ਦੀ ਫ਼ਿਰੋਜ਼ੀ ਰੰਗ ਕੰਧ ਉੱਤੇ ਟੰਗੀ ਹੋਈ ਨਿਰਮਲ ਦੇ ਬਾਬੇ ਦੀ ਤਸਵੀਰ ਸੀ। ਕੰਧ ਦੇ ਉੱਤੇ ਕੰਧ ਨਾਲੋਂ ਕੁਝ ਜ਼ਿਆਦਾ ਹੀ ਉੱਘੜਵੀਂ ਪ੍ਰਤੀਤ ਹੋ ਰਹੀ ਸੀ। ਲਾਲ ਰੰਗ ਦੇ ਫਰੇਮ ਵਿੱਚ ਤਸਵੀਰ ਹੱਥ ਨਾਲ਼ ਰੰਗਦਾਰ ਕੀਤੀ ਹੋਈ ਸੀ ਜਿਸਦਾ ਹਰ ਰੰਗ ਆਪਣੇ ਆਪ ਵਿੱਚ ਨੂਰਾਨੀ ਦਿਖਾਈ ਦਿੰਦਾ ਸੀ।

ਕਿਸੇ ਚਿੱਤਰਕਾਰ ਨੇ ਇਸ ਉੱਪਰ ਬੜੀ ਬਰੀਕੀ ਨਾਲ਼ ਆਪਣੇ ਬੁਰਸ਼ ਦਾ ਕਮਾਲ ਦਿਖਾਇਆ ਸੀ। । ਇਸ ਲਈ ਬਾਬੇ ਦਾ ਚਿਹਰਾ ਨਾ ਹੀ ਸਿਆਹ ਸਫੇਦ ਤੇ ਨਾ ਹੀ ਉਵੇਂ ਜਿਵੇਂ ਉਹ ਆਪਣੀ ਅਸਲ ਜ਼ਿੰਦਗੀ ਵਿੱਚ ਦਿਖਾਈ ਦਿੰਦਾ ਹੋਵੇਗਾ। ਇਹ ਇੱਕ ਰੰਗ-ਬਰੰਗਾ ਜਿਹਾ ਚਿਹਰਾ ਸੀ। ਇਸ ਤਰ੍ਹਾਂ ਦੀਆਂ ਫੋਟੋਆਂ ਵਿੱਚ ਸਾਰੇ ਹੀ ਭੂਸਲੇ ਜਿਹੇ ਜਾਪਦੇ ਸਨ। ਪੱਗ ਦਾ ਫੋਟੋ ਫਰੇਮ ਨਾਲ ਮੇਲ ਖਾਂਦਾ ਸੀ। ਉਸ 'ਤੇ ਪੀਲੇ ਤਾਰੇ ਹੀ ਉਸ ਦੀ ਦਿਖ ਨੂੰ ਉਸ ਫਰੇਮ ਤੋਂ ਵੱਖ ਕਰਦੇ ਸਨ; ਤਿੱਖਾ ਨੱਕ ਦੇ ਹੇਠ ਕੁੰਡੀਆਂ ਮੁੱਛਾਂ ਸਨ । ਇਸ ਤੋਂ ਇਲਾਵਾਂ ਮੂੰਹ ਸਾਫ਼ ਸੀ। ਤਿਖੇ ਨੱਕ ਨਾਲ ਮੇਲ ਖਾਂਦੀਆਂ, ਅੱਖਾਂ ਉਕਾਬੀ ਅੱਖਾਂ , ਜਿਨ੍ਹਾਂ ਚੋ ਇੱਕ ਸ਼ਰਾਰਤੀ ਮੁਸਕਾਨ ਦਾ ਭੁਲੇਖਾ ਪੈਂਦਾ ਸੀ। ਨਿਰਮਲ ਨੂੰ ਇੰਝ ਲਗਦਾ ਸੀ, ਜਿਵੇਂ ਕਮਰੇ ਦੇ ਹਰ ਕੋਨੇ ਵਿੱਚ ਇਹ ਅੱਖਾਂ ਉਸ ਦਾਪਿੱਛਾ ਕਰਦੀਆਂ ਹੋਣ। ਬਾਬੇ ਦੀ ਕਮੀਜ਼ ਨੀਲੀ ਸੀ ਅਤੇ ਤਸਵੀਰ ਦੀ ਪ੍ਰਿਸ਼ਟਭੂਮੀ ਸੰਦਲੀ ਸੀ। ਹਰੇਕ ਦੇਖਣ ਵਾਲੇ ਨੂੰ ਖਬਰੇ ਕਿਉਂ ਇਉਂ ਲੱਗਦਾ ਹੁੰਦਾ ਸੀ ਕਿ ਬਾਬੇ ਦੇ ਨੇਤਰ ਉਨ੍ਹਾਂ ਨੂੰ ਕਮਰੇ ਦੀ ਹਰ ਨੁੱਕਰ ਵਿੱਚ ਘੂਰ ਰਹੇ ਸਨ।

ਇੱਕ ਮਘਦੇ ਦਿਹਾੜੇ ਇਸ ਗੱਲ ਦਾ ਜਵਾਬ ਬਾਬੇ ਨੇ ਨਿਰਮਲ ਨੂੰ ਸਿੱਧਾ ਦੇ ਦਿੱਤਾ ਸੀ। ਤਸਵੀਰ ਵਿੱਚੋਂ ਨਿਕਲ਼ ਕੇ ਪੋਤਰੇ ਦੇ ਸਾਹਮਣੇ ਆ ਖੜ੍ਹੋਤਾ ਅਤੇ ਲੋਟੇ ਦੀਆਂ ਕੁੰਡੀਆਂ ਵਾਂਗ ਆਪਣੀਆਂ ਬਾਹਾਂ ਆਪਣੇ ਜੁੱਸੇ ਦੇ ਦੋਹੀ ਪਾਸੇ ਰੱਖ ਕੇ ਬੋਲਿਆ, - ਓਏ! ਡਰਦਾ ਕਿਉਂ? ਮੈਂ ਤੈਨੂੰ ਖਾਣ ਨਹੀਂ ਲੱਗਿਆ!-। ਤਸਵੀਰ ਵਿੱਚੋਂ ਨਿਕਲ਼ਿਆ ਹੋਣ ਕਰਕੇ, ਉਸ ਦਾ ਪਿੰਡਾ ਕਾਗ਼ਜ਼ ਵਾਂਗ ਪਤਲਾ ਅਤੇ ਸਮਤਲ ਸੀ। ਫਲੈਟ ਆਦਮੀ ਨੂੰ ਵੇਖ ਕੇ ਇੱਕ ਦਮ ਉੱਤਰ ਨਹੀਂ ਸੁੱਝਿਆ ਉਸ ਨੂੰ।

- ਜੀ, ਜੀ, ਮੈਂ ਥੁਹਾਤੋਂ ਕਿੱਥੇ ਡਰਦਾ ਬਾਬਾ ਜੀ- ਨਿਰਮਲ ਨੇ ਤਸਵੀਰ ਸਰੀਰ ਬਾਬੇ ਨੂੰ ਕਿਹਾ, - ਥੁਹਾਨੂੰ ਗ਼ਲਤ ਵਹਿਮੀ ਐ-। ਤਸਵੀਰ ਬਾਬਾ ਨਿਰਮਲ ਤੋਂ ਪਤਲਾ ਤਾਂ ਸੀ, ਪਰ ਕੱਦ ਵਿੱਚ ਲੰਬਾ ਵੀ ਸੀ, ਭਾਵੇਂ ਕੰਧ ਉੱਤੇ ਤਾਂ ਨਿੱਕੀ ਜਿਹੀ ਤਸਵੀਰ ਟੰਗੀ ਹੋਈ ਸੀ। ਨਾਲੇ ਇੰਨੇ ਨਿੱਕੇ ਤਸਵੀਰ ਵਿੱਚੋਂ ਨਿਕਲਣਾ ਕਿੱਥੋਂ ਸੌਖਾ ਸੀ?

ਕਈ ਵਾਰੀ ਨਿਰਮਾਲ ਨੇ ਬਾਬਾ ਦੀ ਤਸਵੀਰ ਵੱਲ ਡਿੱਠ ਕੇ ਸੋਚਿਆ ਸੀ, - ਕਾਸ਼! ਜੇ ਮੈਂ ਬਾਬੇ ਬਲਰਾਜ ਨੂੰ ਮਿਲਿਆ ਹੁੰਦਾ!-। ਬਲਰਾਜ ਨਿਰਮਾਲ ਦੇ ਜਨਮ ਤੋਂ ਕੁੱਝ ਵਰ੍ਹਾਂ ਪਹਿਲਾਂ ਪੂਰਾ ਹੋ ਚੁੱਕਾ ਸੀ। ਇੱਕ ਦਿਨ ਨਿਰਮਲ ਉਦਾਸ ਸੀ ਅਤੇ ਕੋਈ ਘਰ ਨਹੀਂ ਸੀ, ਜਿਸ ਨਾਲ ਦਿਲ ਦੀਆਂ ਗੱਲਾਂ ਕਰ ਸਕਦਾ। ਬਾਪੂ ਜੇ ਘਰ ਵੀ ਹੁੰਦਾ, ਨਿਰਮਲ ਨਾਲ਼ ਦਿਲ ਦੀਆਂ ਗੱਲਾਂ ਕਰਦਾ ਨਹੀਂ ਸੀ। ਓਦੋਂ ਨਿਰਮਲ ਨੇ ਬਾਬੇ ਬਲਰਾਜ ਵੱਲ ਵਹਿੰਦੇ ਨੇ ਸੋਚਿਆ, - ਜੇ ਕਾਸ਼ ਤੁਸੀਂ ਮੇਰੇ ਕੋਲ ਹੁੰਦੇ! ਮੈਂ ਬਹੁਤ ਕੁੱਝ ਤੁਹਾਡੇ ਬਾਰੇ ਬੀਬੀ ਜੀ ਤੋਂ ਸੁਣਿਆ ਹੈ!-।

ਬੱਸ, ਅੱਜ ਅਰਮਾਨ ਪੂਰਾ ਹੋ ਗਿਆ। ਬਾਬਾ ਵਾਪਸ ਆ ਗਿਆ। ਹੁਣ ਤਾਂ ਗੱਲਾਂ ਕਰ ਸਕਦਾ ਸੀ। ਫੇਰ ਵੀ , ਜਿਸ ਤਰੀਕੇ ਨਾਲ਼, ਅਣਘੋਸ਼ਤ, ਬਿਨਾ ਦੱਸੇ, ਕਮਰੇ ਵਿੱਚ ਆ ਗਿਆ, ਨਿਰਮਲ ਨੂੰ ਹੱਕਾ ਬੱਕਾ ਕਰ ਦਿੱਤਾ। ਵੈਸੇ, ਕਮਰੇ ਵਿੱਚ ਤਾਂ ਹਮੇਸ਼ਾ ਸੀ, ਪਰ ਕੰਧ ਉੱਤੇ, ਤਸਵੀਰ ਵਿੱਚ, ਜਿੱਥੋਂ ਜੋ ਉਸ ਰੂਮ ਵਿੱਚ ਬੀਤਦਾ ਸੀ ਨੂੰ ਦੇਖਦਾ ਰਹਿੰਦਾ ਸੀ, ਜਦ ਦੀ ਤਸਵੀਰ ਟੰਗੀ ਗਈ ਸੀ।

- ਆਖਿਆ ਤਾਂ ਆ ਗਿਆ। ਹੁਣ ਕਿਉਂ ਡਰਦਾ ਫਿਰਦਾ ਹੈ?- ਬਲਰਾਜ ਬਾਬੇ ਨੇ ਪੁੱਛਿਆ।

- ਜੀ। ਹੋਰ ਤਾਂ ਕੁੱਝ ਨਹੀਂ। ਮੈਨੂੰ ਚੇਤਾਵਨੀ ਤਾਂ ਦੇਣੀ ਸੀ। ਖ਼ੈਰ ਤੁਸੀਂ ਆ ਗਏ- ਫੇਰ ਨਿਰਮਲ ਦੇ ਗੋਲ ਮੋਲ ਮੂੰਹ ਉੱਤੇ ਮੁਸਕਾਨ ਦੌੜ ਆ ਬੈਠੀ, ਜਿੱਦਾਂ ਤਪਾਕ ਲਈ ਕਵੇਲ਼ਾ ਕਰ ਗਈ ਸੀ। ਉਸ ਹੀ ਵਕਤ ਨਿਰਮਲ ਦਾ ਦਿਮਾਗ਼ ਵੀ ਚਾਲੂ ਹੋ ਗਿਆ ਅਤੇ ਹੱਥ ਨਾਲ ਬਾਬੇ ਨੂੰ ਇਸ਼ਾਰਾ ਕੀਤਾ ਅਰਾਮ ਕੁਰਸੀ ਉੱਤੇ ਬਹਿਣ ਵਾਸਤੇ। ਬਾਬਾ ਖ਼ੁਸ਼ੀ ਨਾਲ ਬਹਿ ਗਿਆ, ਕੁਰਸੀ ਦੀ ਢੋਅ ਨਾਲ ਢਾਸ ਲਾ ਕੇ। ਪਤਲਾ ਪਰਚਾ ਵਾਂਗ ਸੀ ਕਰਕੇ, ਪਾਸਿਓਂ ਤਾਂ ਦਿਸਦਾ ਵੀ ਨਹੀਂ ਸੀ। ਜੇ ਕੋਈ ਹੋਰ ਕਮਰੇ ਵਿੱਚ ਹੁੰਦਾ, ਉਨ੍ਹਾਂ ਨੂੰ ਲੱਗਣਾ ਸੀ ਜਿਵੇਂ ਕਿਸੇ ਨੇ ਅਰਾਮ ਕੁਰਸੀ ਉੱਤੇ ਚਾਦਰ ਬਿਛਾ ਦਿੱਤੀ ਹੋਵੇ। ਅੰਦਰ ਆ ਕੇ ਕੋਈ ਗ਼ਲਤੀ ਨਾਲ ਬਾਬੇ ਉੱਤੇ ਬੈਠ ਸਕਦਾ ਸੀ।

ਅਰਾਮ ਕੁਰਸੀ ਲਾਲ ਸੀ। ਉਸ ਦੇ ਸਾਹਮਣੇ ਨਿੱਕਾ ਜਿਹਾ ਮੇਜ਼ ਸੀ। ਮੇਜ਼ ਦੇ ਦੂਜੇ ਪਾਸੇ ਡਾਲੀਆਂ ਤੋਂ ਬਣਾਈ ਕੁਰਸੀ ਸੀ। ਉਸ ਉੱਤੇ ਨਿਰਮਲ ਬੈਠ ਗਿਆ, ਠੋਡੀ ਇੱਕ ਹੱਥ ਉੱਤੇ, ਉਸ ਹੀ ਬਾਂਹ ਦੀ ਕੂਹਣੀ ਗੋਡੇ ਉੱਪਰ, ਗੋਡੇ ਵਾਲੀ ਲੱਤ ਦੂਜੀ ਲੱਤ ਉੱਪਰ। ਕੋਈ ਯੂਨਾਨੀ ਬੁੱਤ ਲੱਗਦਾ ਸੀ, ਬਲਰਾਜ ਬਾਬੇ ਨੂੰ ਡਾਢੀ ਨਜ਼ਰ ਨਾਲ਼ ਤੱਕਦਾ।

- ਬਾਪੂ ਨਾਲ ਗੱਲ ਕਰਨੀ ਔਖੀ ਹੈ। ਤੰਗ ਆ ਗਿਆ। ਜੋ ਵੀ ਮੰਗਦਾ, ਜਵਾਬ ਨਾਹ ਹੀ ਹੁੰਦਾ ਐ। ਪਰ ਇਹ ਤਾਂ ਕੋਈ ਵੱਡੀ ਗੱਲ ਨਹੀਂ। ਦੁੱਖ ਸੁੱਖ ਉਨ੍ਹਾਂ ਨੂੰ ਕਰਨਾ ਨਹੀਂ ਆਉਂਦਾ ਹੈ। ਇਹ ਵੀ ਭਾਰਤੀ ਬਿਮਾਰੀ ਐ, ਖਬਰੇ ਪੰਜਾਬੀ ਬਿਮਾਰੀ ਐ...-

- ਪਰ ਤੂੰ ਤਾਂ ਐਸ ਬਾਰੇ ਵੀ ਨਹੀਂ ਬੁਲਾਇਆ ਹੈ ਨਾ? ਬਿਮਾਰੀ ਤਾਂ ਹੋਰ ਐ?-

- ਜੀ। ਨਹੀਂ, ਇਹ ਸਭ ਸ਼ਿਕਵਾਵਾਂ ਹਨ। ਪਰ ਉਦਾਸੀ ਨੇ ਮੈਨੂੰ ਬੈਠ ਲੈ ਲਿਆ ਹੈ। ਇਹ ਸ਼ਹਿਰ ਨੇ। ਦਿੱਲੀ ਨੇ। ਤਾਂ ਤੁਸੀਂ ਯਾਦ ਆ ਗਏ ਸੀ-।

- ਅੱਛਾ, ਸਮਝ ਗਿਆ- ਬਾਬੇ ਨੇ ਫਲੈਟ ਮੁੱਛਾ ਨੂੰ ਘੁੰਮਾਇਆ। ਥੋੜਾ ਜਿਹਾ ਮੂਹਰੇ ਹੋਇਆ, ਬਾਹਾਂ ਗੋਡਿਆਂ ਉੱਤੇ ਉਲਾਰ ਦਿੱਤੀਆਂ। ਪਾਸਿਓਂ ਇੱਕ ਕਾਗ਼ਜ਼ ਦੀ ਚਾਦਰ ਮੂਹਰੇ ਹੁੰਦੀ ਜਾਪਦੀ ਸੀ, ਇੱਕ ਡਿਗਦੀ ਚਪਟੀ। - ਉਹ ਕੁੱਝ ਫੇਰ ਸ਼ੁਰੂ ਹੋ ਗਿਆ ਸ਼ੇਰਾ?-।

ਬਾਕੀ ਪੰਨਾ 9 'ਤੇ

## ਇੰਨਾ ਸੱਚ ਨਾ ਬੋਲ

ਪੰਨਾ 7 ਤੋਂ ਅੱਗੇ

ਇੱਕ ਸਨ, ਜਿਹਨਾਂ ਨੇ ਆਪਣੇ ਜੀਵਨ ਦਾ ਹਰ ਪਲ ਮਾਂ ਬੋਲੀ ਪੰਜਾਬੀ ਦਾ ਕਾਵਿਕ-ਚਿਹਰਾ ਮੋਹਰਾ ਸੰਵਾਰਨ ਅਤੇ ਪੰਜਾਬੀ ਭਾਸ਼ਾ ਨੂੰ ਦੂਜੀਆਂ ਭਾਸ਼ਾਵਾਂ ਦੇ ਹਾਣ ਦੀ ਬਣਾਉਣ ਹਿਤ ਸਮਰਪਿਤ ਕੀਤਾ।

ਪੰਜਾਬੀ ਗ਼ਜ਼ਲ ਜੋ ਪਿਛਲੇ ਲੰਮੇ ਅਰਸੇ ਤੋਂ ਉਰਦੂ ਪ੍ਰਭਾਵ ਹੇਠ ਦੱਬੀ ਹੋਈ ਅਨੁਭਵ ਹੁੰਦੀ ਸੀ ਸੁਰਜੀਤ ਪਾਤਰ ਜੀ ਨੇ ਉਸ ਨੂੰ ਉਰਦੂ ਦੇ ਪ੍ਰਭਾਵ ਤੋਂ ਮੁਕਤ ਕਰਵਾ ਕੇ ਇੱਕ ਆਧੁਨਿਕ ਤੇ ਪੰਜਾਬੀ ਰੰਗ ਵਾਲੀ ਪਛਾਣ ਦਿਵਾਉਣ ਦੀ ਜੋ ਭਰਪੂਰ ਕੋਸ਼ਿਸ਼ ਕੀਤੀ ਹੈ, ਯਕੀਨਨ ਇਸਦਾ ਸਿਹਰਾ ਪਾਤਰ ਸਹਿਬ ਦੀ ਕਲਮ, ਸੋਚ ਤੇ ਆਸ਼ਾਬੰਦੀ ਨੂੰ ਹੀ ਜਾਂਦਾ ਹੈ।

ਪੰਜਾਬੀ ਬੋਲੀ ਬਾਰੇ ਉਹ ਖਾਸ ਚਿੰਤਤ ਸਨ, ਉਨ੍ਹਾਂ ਨੇ ਆਪਣੇ ਦਰਦ ਨੂੰ ਇਸ ਤਰ੍ਹਾਂ ਬਿਆਨ ਕੀਤਾ, ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ-ਸ਼ਬਦ ਵਾਕ-ਵਾਕ!" ਇੱਥੋਂ ਤਕ ਕਿ ਉਨ੍ਹਾਂ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਇਸ ਬਾਰੇ ਕਿਹਾ, "ਮੇਰਾ ਬੱਚਾ ਅੰਗਰੇਜ਼ੀ ਬੋਲੇਗਾ ਤਾਂ ਇਹ ਉਸ ਦੀ ਇੱਕ ਪਛਾਣ ਹੋ ਜਾਵੇਗੀ। ਆਪਣੀ ਰੂਹ ਦੇ ਨੰਗੇਜ਼ ਹੋਣ ਦੀ ਥਾਂ ਭਾਸ਼ਾ ਸਾਡੇ ਜਿਸਮਾਂ ਦਾ ਪਹਿਰਾਵਾ ਬਣ ਗਈ ਹੈ। ਦੂਸਰੀ ਗੱਲ ਇਹ ਕਿ ਭਾਸ਼ਾ ਦਾ ਅਸੀਂ ਰਿਜ਼ਕ ਨਾਲ ਅਤੇ ਆਰਥਿਕਤਾ ਨਾਲ ਬਹੁਤ ਗਹਿਰਾ ਰਿਸ਼ਤਾ ਸਮਝਦੇ ਹਾਂ, ਤੇ ਇਸ ਤਰ੍ਹਾਂ ਹੁੰਦਾ ਵੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਸਾਡਾ ਆਪਣੀ ਧਰਤੀ 'ਤੇ ਮਾਂ ਬੋਲੀ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੈ। ਮਾਵਾਂ ਸਾਰਿਆਂ ਦੀਆਂ ਸੋਹਣੀਆਂ ਹੁੰਦੀਆਂ ਹਨ ਪਰ ਅਸੀਂ ਕਿਸੇ ਨਾਲ ਆਪਣੀ ਮਾਂ ਤਾਂ ਨਹੀਂ ਵਟਾ ਸਕਦੇ। ਇਹ ਸਿਰਫ਼ ਬੋਲੀ ਦੇ ਮਰਨ ਦੀ ਗੱਲ ਨਹੀਂ, ਇਹ ਬੰਦੇ ਦੀ ਜ਼ਮੀਰ ਮਰਨ ਦੀ ਨਿਸ਼ਾਨੀ ਹੈ।

ਸੁਰਜੀਤ ਪਾਤਰ ਜੀ ਦਾ ਜਨਮ ਜਨਵਰੀ 1, 1945 ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਵਿੱਚ ਗੁਰਬਖਸ਼ ਕੌਰ ਅਤੇ ਹਰਭਜਨ ਸਿੰਘ ਦੇ ਘਰ ਹੋਇਆ। ਉਸ ਦਾ ਵਿਆਹ ਭੁਪਿੰਦਰ ਕੌਰ ਨਾਲ ਹੋਇਆ ਹੈ। ਉਹਨਾਂ ਨੇ ਰਣਧੀਰ ਕਾਲਜ, ਕਪੂਰਥਲਾ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਸਟਰਜ਼ ਕੀਤੀ। ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ 'ਗੁਰੂ ਨਾਨਕ ਵਾਣੀ ਵਿੱਚ ਲੋਕਧਾਰਾ ਦੇ ਪਰਿਵਰਤਨ' ਉੱਤੇ ਖੋਜ ਲਈ ਪੀਐਚ.ਡੀ.। ਉਹਨਾਂ ਨੇ ਆਪਣਾ ਕੈਰੀਅਰ ਇੱਕ ਐਸੋਸੀਏਟ ਪ੍ਰੋਫੈਸਰ ਵਜੋਂ ਸ਼ੁਰੂ ਕੀਤਾ। ਉਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿੱਚ ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਰਹਿ ਚੁੱਕੇ ਸਨ। ਹੁਣ ਉਹ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੀ ਚੇਅਰਪਰਸਨ ਰਹੇ।

ਉਹਨਾਂ ਨੂੰ 1980 ਵਿੱਚ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਦੁਆਰਾ ਸਨਮਾਨਿਤ ਕੀਤਾ ਗਿਆ ਸੀ। ਫਿਰ 1980 ਵਿੱਚ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ 'ਹਵਾ ਵਿਚਾਰੇ ਹਰਫ਼' ਲਈ 'ਗਿਆਨੀ ਗੁਰਮੁਖ ਸਿੰਘ ਮੁਸਾਫਿਰ ਕਾਵਿ ਪੁਰਸਕਾਰ' ਮਿਲਿਆ। 1985 ਵਿੱਚ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੁਆਰਾ 'ਕਰਤਾਰ ਸਿੰਘ ਧਾਲੀਵਾਲ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸ ਨੂੰ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਦੁਆਰਾ 1993 ਵਿੱਚ 'ਹਨੇਰੇ ਵਿੱਚ ਸੁਲਗਦੀ ਵਰਨਮਾਲਾ' ਲਈ ਵੀ ਸਨਮਾਨਿਤ ਕੀਤਾ ਗਿਆ। 1997 ਵਿੱਚ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ 'ਸ਼੍ਰੋਮਣੀ ਪੰਜਾਬੀ ਕਵੀ' ਪੁਰਸਕਾਰ ਤੋਂ ਇਲਾਵਾ ਵੱਖ-ਵੱਖ ਸੱਭਿਆਚਾਰਕ ਅਤੇ ਸਾਹਿਤਕ ਮੰਚਾਂ ਵੱਲੋਂ ਹੋਰ ਵੀ ਕਈ ਪੁਰਸਕਾਰ ਮਿਲੇ।

ਸੁਰਜੀਤ ਪਾਤਰ ਦਾ ਜੀਵਨ ਕਾਲ ਲਗਭਗ ਅੱਠ ਦਹਾਕਿਆਂ ਵਿੱਚ ਫੈਲਿਆ ਹੋਇਆ ਸੀ। ਆਪਣੇ ਜੀਵਨ ਦੌਰਾਨ ਉਨ੍ਹਾਂ ਨੇ ਪੰਜਾਬ ਨੂੰ ਵੱਖ-ਵੱਖ ਮਰਹੱਲਿਆਂ ਵਿੱਚੋਂ ਗੁਜ਼ਰਦੇ ਦੇਖਿਆ ਅਤੇ ਆਪਣੇ ਅਨੁਭਵ ਦੀ ਕਾਵਿਕ ਪੇਸ਼ਕਾਰੀ ਕੀਤੀ।

ਉਨ੍ਹਾਂ ਦੀਆਂ ਪ੍ਰਸਿੱਧ ਪ੍ਰਕਾਸ਼ਨਾਵਾਂ ਵਿੱਚ- ਹਵਾ ਵਿੱਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨ੍ਹੇਰੇ ਵਿੱਚ ਸੁਲਗਦੀ ਵਰਨਮਾਲਾ, ਲਫ਼ਜ਼ਾਂ ਦੀ ਦਰਗਾਹ, ਪਤਝੜ ਦੀ ਪਾਂਜੇਬ, ਸਰਜ਼ਮੀਨ, ਚੰਨ ਸੂਰਜ ਦੀ ਵਹਿੰਗੀ, ਹਾਏ ਮੇਰੀ ਕੁਰਸੀ ਹਾਏ ਮੇਰਾ ਮੇਜ਼, ਸੂਰਜ ਮੰਦਰ ਦੀਆਂ ਪੌੜੀਆਂ, ਅੱਗ ਦੇ ਕਲੀਰੇ, ਸਈਓ ਨੀ ਮੈਂ ਅੰਤ ਹੀਣ ਤਰਕਾਲਾਂ, ਸ਼ਹਿਰ ਮੇਰੇ ਦੀ ਪਾਗਲ ਔਰਤ, ਇੱਛਾਧਾਰੀ ਅਤੇ ਯੂਨਾਨ ਦੀ ਲੂਣਾ ਸ਼ਾਮਲ ਹਨ।

ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਮਾਂ ਬੋਲੀ ਦੇ ਨਿਘਾਰ ਦਾ ਫਿਕਰ, ਪੰਜਾਬ ਵਿੱਚ ਹਥਿਆਰਬੰਦ ਸੰਘਰਸ਼ ਦੇ ਦੁਖਾਂਤ, ਨਾਗਰਿਕਤਾ ਸੋਧ ਕਾਨੂੰਨ ਅਤੇ ਕਿਸਾਨੀ ਸੰਘਰਸ਼ ਵਰਗੇ ਵਿਸ਼ੇ ਮਿਲ ਜਾਂਦੇ ਹਨ।

ਕਿਸਾਨ ਅੰਦੋਲਨ ਦੌਰਾਨ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਉਨ੍ਹਾਂ ਨੇ ਆਪਣਾ ਪਦਮਸ਼੍ਰੀ ਦਾ ਸਨਮਾਨ ਵੀ ਵਾਪਸ ਕਰ ਦਿੱਤਾ ਸੀ।

ਉਨ੍ਹਾਂ ਦੀ ਇੱਕ ਗ਼ਜ਼ਲ ਅੱਜ ਉਨ੍ਹਾਂ ਦੇ ਵਿਛੋੜੇ ਉੱਤੇ ਪੂਰੀ ਤਰ੍ਹਾਂ ਢੁਕਦੀ ਹੈ-

ਅਸਾਂ ਵੀ ਅੰਤ ਕਿਰ ਕੇ ਖ਼ਾਦ ਹੋਣਾ,<br>
ਕਦੀ ਸਾਂ ਫੁੱਲ ਇਹ ਕਿਸ ਨੂੰ ਯਾਦ ਹੋਣਾ।<br>
ਸੁਰਜੀਤ ਪਾਤਰ ਹਮੇਸ਼ਾ ਆਪਣੀਆਂ ਰਚਨਾਵਾਂ ਰਾਹੀਂ<br>
ਸਦਾ ਯਾਦ ਰਹਿਣਗੇ।

# ਬਾਬਾ ਵਾਪਸ ਆ ਗਿਆ

ਪੰਨਾ 8 ਤੋਂ ਅੱਗੇ

– ਹਾਂ – ਪੋਲਾ, ਗਮਗੀਨ ਜਵਾਬ ਆਇਆ। ਥੋੜ੍ਹੀ ਰਹਾਉ ਬਾਅਦ, – ਐਦਕੀਂ ਸਾਡੇ ਲੋਕ ਨਹੀਂ ਹੈ–।

– ਅੱਛਾ? ਹੁਣ ਕਿਹੜੇ ਵਿਚਾਰਿਆ ਮਗਰ ਪੈ ਗਏ ਨੇ?– ਬਲਰਾਜ ਨੇ ਸੋਗਮਈ ਆਵਾਜ਼ ਵਿੱਚ ਆਖਿਆ।

– ਮੁਸਲਮਾਨ। ਹੁਣ ਓਨ੍ਹਾਂ ਦੀ ਵਾਰੀ ਲੱਗ ਗਈ–।

– ਤੇ ਤੂੰ ਇਸ ਬਾਰੇ ਕੀ ਕਰ ਰਿਹਾ ਹੈ?–

– ਇਹ ਹੀ ਤਾਂ ਗੱਲ ਹੈ। ਬਾਪੂ ਨੂੰ ਆਖਿਆ ਕਿ ਸਾਨੂੰ ਕੁੱਝ ਤਾਂ ਕਰਨਾ ਚਾਹੀਦਾ ਹੈ। ਪਰ ਉਨ੍ਹਾਂ ਨੂੰ ਤਾਂ ਹਾਲੇ ਸੰਤਾਲ਼ੀ ਦੀਆਂ ਯਾਦਾਂ ਆ ਰਹੀਆਂ ਨੇ!–

– ਸੰਤਾਲ਼ੀ ਦੀਆਂ ਯਾਦਾਂ? ਉਹ ਤਾਂ ਹਾਲੇ ਜੰਮਿਆ ਵੀ ਨਹੀਂ ਸੀ! ਉਸ ਨੂੰ ਕੀ ਪਤਾ! ਮੈਂ ਦੇਖਿਆ ਹੈ। ਫੇਰ ਮੈਂ ਚੁਰਾਸੀ...–

– ਪਤਾ। ਤਾਂ ਹੀ ਮੈਂ ਤੁਹਾਡੇ ਨਾਲ਼ ਹੀ ਗੱਲ ਕਰਨਾ ਚਾਹੁੰਦਾ ਹਾਂ–। ਨਿਰਮਲ ਨੂੰ ਪੂਰਾ ਪਤਾ ਸੀ ਕਿ ਕੀ ਬਲਰਾਜ ਨਾਲ਼ ਬੀਤਿਆ ਸੀ। ਚੁਰਾਸੀ ਵਿੱਚ ਅੱਜ ਵਰਗੇ ਹੀ ਹਾਲ ਸਿਖਾਂ ਲਈ ਹੋ ਚੁੱਕੇ ਸਨ। ਦਰਅਸਲ ਉਸ ਦੇ ਦਾਦੇ ਨੂੰ ਤਾਂ ਮੌਕਾ ਵੀ ਨਹੀਂ ਮਿਲਿਆ ਸੀ ਸਾਰੇ ਸਾਲ ਨੂੰ ਵੇਖਣ ਦਾ। ਬਲਰਾਜ ਬਾਬੇ ਨੇ ਤਾਂ ਨਵੰਬਰ ਤੋਂ ਗਹਾਂ ਵੇਖਿਆ ਵੀ ਨਹੀਂ ਸੀ। ਮੱਘਰ ਦੇ ਬਾਅਦ ਹੋਰ ਸਾਰੇ ਬਾਹਰ ਚਲੇ ਗਏ ਸੀ। ਜਿਨ੍ਹਾਂ ਨੂੰ ਮਜ਼ਬੂਰੀ ਜਾਂ ਗਰੀਬੀ ਸੀ ਉਹੀ ਰਹੇ ਸਨ। ਬਾਪੂ ਵੀ ਜ਼ਿੱਦੀ ਸੀ ਸੋ ਰਿਹਾ। ਹੌਲੀ ਹੌਲੀ ਜੀਵਨ ਵਾਪਸ ਜਿੱਦਾਂ ਪਹਿਲਾਂ ਸੀ ਹੋ ਗਿਆ ਸੀ। ਨਹੀਂ ਇਹ ਝੂਠ ਹੈ। ਕੁੱਝ ਗਵਾਚ ਗਿਆ ਸੀ। ਅਮਾਨਤ। ਉਸ ਤੋਂ ਬਾਅਦ ਘੱਲੂਘਾਰੇ ਨੂੰ ਹੰਗਾਮਾ ਹੀ ਆਖਣ ਲੱਗ ਪਏ ਸਨ। ਉਸ ਦਿਨਾਂ ਵਿੱਚ ਅੱਜ ਵਾਂਗਰ ਇੰਟਰਨੈਟ ਨਹੀਂ ਸੀ। ਬਾਹਰਲੀ ਦੁਨੀਆ ਤੋਂ ਲੁਕੋ ਕੇ ਰੱਖਾ। ਸਿਖਾਂ ਨੂੰ ਆਤੰਕਵਾਦੀ ਦਾ ਦਰਜਾ ਦੇ ਦਿੱਤਾ ਸੀ। ਹਾਲੇ ਤੀਕਰ ਕੋਈ ਨਿਆਂ ਨਹੀਂ ਮਿਲਿਆ ਹੈ। ਸਰਕਾਰ ਨੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਵੀ ਕਰਨਾ ਨਹੀਂ ਚਾਇਆ। ਹੁਣ ਉਹੀ ਕੁੱਝ ਫੇਰ ਹੋਣ ਲੱਗ ਪਿਆ ਸੀ। ਹੈਰਾਨੀ ਦੀ ਗੱਲ ਸੀ ਕਿ ਇੰਟਰਨੈਟ ਦਾ ਬਹੁਤਾ ਫ਼ਾਇਦਾ ਨਹੀਂ ਸੀ। ਖਾਸ ਦੁਨੀਆ (ਜਿਸ ਦਾ ਮਤਲਬ ਪੱਛਮੀ ਦਨੀਆ) ਨੂੰ ਤਾਂ ਪਤਾ ਹੀ ਨਹੀਂ ਸੀ ਕੀ ਇਸ ਵੇਲ਼ੇ ਦਿੱਲੀ ਵਿੱਚ ਹੋ ਰਿਹਾ ਸੀ। ਸਰਕਾਰ ਨੇ ਇਹ ਗੱਲ ਗੁੱਝਾ ਕੇ ਰੱਖੀ ਸੀ। ਪਰ ਭਾਰਤ ਸਾਰਾ ਨਹੀਂ ਇਸ ਵਾਰੀ ਅੰਨ੍ਹਾ ਸੀ।

ਜਿਹੜਾ ਮੁਲਕ ਫੇਰ ਉਸ ਥਾਂ ਉੱਤੇ ਪਹੁੰਚ ਗਿਆ ਸੀ ਨੇ ਨਿਰਮਲ ਨੂੰ ਉਦਾਸ ਕਰ ਦਿੱਤਾ ਸੀ। ਉਸ ਨੂੰ ਯਾਦ ਆ ਗਿਆ ਬੀਬੀ ਕੀ ਬਾਬੇ ਬਾਰੇ ਦੱਸਦੀ ਸੀ। ਬਾਬਾ ਡਰਦਾ ਨਹੀਂ ਸੀ। ਸੜਕ ਉੱਤੇ ਗਿਆ ਅਤੇ ਕਿਰਪਾਨ ਲੈ ਕੇ ਉਸ ਚਰਖਾਂ ਨੂੰ ਪਰ੍ਹਾਂ ਰੱਖਿਆ ਸੀ। ਕਿਸੇ ਦੀ ਧੀ ਨੂੰ ਬੱਚਾ ਦਿੱਤਾ ਸੀ, ਕਿਸੇ ਦੇ ਪੁੱਤ ਨੂੰ। ਪਰ ਆਪ ਨੂੰ ਨਹੀਂ ਬੱਚ ਸਕਿਆ। ਵੈਸੇ ਆਮ ਸਿੱਖ ਵਾਂਗ ਦਾੜ੍ਹੀ ਕੇਸ ਨਹੀਂ ਰੱਖੇ ਸੀ। ਮੁੱਛ ਸੀ ਅਤੇ ਨਿੱਕੀ ਜਿਹੀ ਪੱਗੜੀ। ਪਰ ਹੌਲ਼ੀ ਹੌਲ਼ੀ ਗਿੱਦੜਾਂ ਨੂੰ ਸਮਖ ਪੈ ਗਈ ਸੀ ਬਲਰਾਜ ਪੰਜਾਬੀ ਸਰਦਾਰ ਸੀ।

ਹੁਣ ਉੱਥੇ ਵਾਪਸ ਪਰਤ ਗਏ ਸਨ। ਬਾਪੂ ਨੇ ਸਮੱਸਿਆ ਦੀ ਹੱਲ ਕਰਨੀ ਦੀ ਥਾਂ ਕੰਮ ਉੱਤੇ ਚਲੇ ਗਿਆ ਸੀ। ਮਾਂ ਤਾਂ ਹੁਣ ਹੈ ਨਹੀਂ ਸੀ। ਨਿਰਮਲ ਕੁੱਝ ਕਰਨਾ ਚਾਹੁੰਦਾ ਸੀ। ਗੁਰੂ ਗੋਬਿੰਦ ਦਾ ਖਾਲਸਾ ਸੀ। ਭਾਵੇਂ ਸੀਸ ਉੱਤੇ ਪੱਗ ਨਹੀਂ ਸੀ, ਦਿਲ ਦੇ ਅੰਦਰ ਤਾਂ ਆਪਣੇ ਆਪ ਨੂੰ ਸੂਰਮਾ ਸਮਝ ਦਾ ਸੀ। ਪਰ ਪੁਲਸ ਨਾਲ਼ ਪੰਗਾ ਲੈਣਾ ਨਹੀਂ ਚਾਹੁੰਦਾ ਸੀ। ਪਰ ਉਹ ਵਿਚਾਰਿਆਂ ਦੀ ਮਦਦ ਕਰਨਾ ਚਾਹੁੰਦਾ ਸੀ। ਇੱਕ ਪਾਸੇ ਉਸ ਦੀ ਪਿਓ ਦੀ ਆਵਾਜ਼ ਨੇ ਚਾਰ ਸੌ ਸਾਲ ਤਾਰੀਖ ਚੇਤਾ ਕਰਾਈ ਜਿਸ ਵਿੱਚ ਮੁਸਲਿਮ ਕੌਮ ਜਬ੍ਹਾ ਹਲਾਕ ਭਾਰਤੀਆਂ ਦੀ ਕਰਦੀ ਸੀ। ਪਰ ਦੂਜੇ ਪਾਸੇ ਮਨ ਕਹਿ ਰਿਹਾ ਸੀ ਕਿ ਸਾਰੇ ਗੁਰੂ ਦੇ ਇਨਸਾਨ ਹਨ, ਅਤੇ ਮੁਸਲਮਾਨ ਵੀ ਇਨਸਾਨ ਹਨ। ਉਨ੍ਹਾਂ ਦੀ ਮਦਦ ਕਰਨੀ ਹੈ। ਪਰ ਗੱਲ ਤਾਂ ਇਸ ਤੋਂ ਵੀ ਡੂੰਘੀ ਸੀ। ਇੰਝ ਸਾਡੇ ਨਾਲ ਵੀ ਹੋਇਆ ਅਤੇ ਹੁਣ ਇਸ ਜ਼ਬਰਦਸਤੀ ਨੂੰ ਕਿਸੇ ਨਾਲ਼ ਨਹੀਂ ਹੋਣ ਦੇਣਾ। ਕੱਲ੍ਹ ਸਰਦਾਰ ਸਨ, ਅੱਜ ਮੁਲਸਮਾਨ ਹਨ, ਖਬਰੇ ਕੱਲ੍ਹੋਂ ਕੌਣ ਹੋਵੇਗਾ। ਭਾਰਤੀਆਂ ਤੋਂ ਸ਼ਰਮ ਆਉਂਦੀ ਸੀ। ਨਿਰਮਲ ਪੜ੍ਹਿਆ ਲਿਖਿਆ ਸੀ।

ਨਿਰਮਲ ਨੂੰ ਸਾਫ਼ ਪਤਾ ਸੀ ਕਿ ਹਿੰਦੂ ਲਫਜ਼ ਦਾ ਅਸਲੀ ਮਤਲਬ ਸਿਰਫ਼ ਸੀ ਭਾਰਤ ਵਿੱਚ ਰਹਿਣ ਵਾਲ਼ੇ। ਸਾਰੇ ਹੁਣ ਇਸ ਲੇਬਲ ਹੇਠ ਇੱਕੋ ਸੀ। ਪਰ ਅਸਲੀਅਤ ਸੀ ਕਿ ਜਾਤ ਪਾਤ ਵਿੱਚ ਮੰਨ ਦੇ ਸੀ ਸੋ ਜੇ ਮੁਲਸਲਮਾਨ ਖ਼ਤਮ ਵੀ ਕਰ ਦਿੱਤੇ, ਫੇਰ ਇੱਕ ਦੂਜੇ ਉੱਤੇ ਪਵੋਗੇ। ਇਸ ਦੀ ਹੱਲ ਕੀ ਸੀ? ਹਜ਼ਾਰ ਵੱਰ੍ਹਿਆਂ ਦੀ ਸੋਚ ਨੂੰ ਇੱਕ ਦਮ ਨਹੀਂ ਬਦਲ ਸਕਦੇ। ਸ਼ਾਇਦ ਕਦੀ ਨਹੀਂ ਬਦਲ ਸਕਣਾ ਸੀ। ਪਰ ਹੁਣ ਲਈ ਨਿਰਮਲ ਕੁੱਝ ਕਰ ਸਕਦਾ ਸੀ। ਤਾਂ ਹੀ ਤਾਂ ਬਾਬੇ ਦੀ ਲੋੜ ਸੀ।

– ਬਾਬੇ ਤੁਹਾਨੂੰ ਯਾਦ ਹੈ ਥੋੜੇ ਨਾਲ਼ ਕੀ ਬੀਤਿਆ ਸੀ? ਫੇਰ ਕੀ ਹੋਇਆ?–

– ਨਹੀਂ ਸ਼ੇਰਾ। ਕੋਈ ਯਾਦ ਨ੍ਹੀਂ। ਇੱਕ ਪਲ ਮੈਂ ਕਿਰਪਾਨ ਨਾਲ਼ ਲੜ ਰਿਹਾ ਸੀ, ਦੂਜੇ ਪਲ ਇਸ ਕਮਰੇ ਦੀ ਕੰਧ ਉੱਤੇ ਸੀ ਅਤੇ ਹਰ ਦਿਨ ਜੋ ਕੁੱਝ ਇੱਥੇ ਹੁੰਦਾ ਦੇਖਿਆ ਹੈ–। ਦੁਚਿੱਤਾ ਸੀ, ਪਰ ਫੇਰ ਬੋਲ਼ਿਆ, – ਸ਼ੇਰਾ ਮੇਰੇ ਨਾਲ਼ ਕੀ ਹੋਇਆ?–।

ਇਸ ਸਵਾਲ ਦਾ ਜਵਾਬ ਦੇਣ ਦੀ ਥਾਂ ਨਿਰਮਲ ਉੱਠ ਖੜ੍ਹਾ ਅਤੇ ਦਾਦੇ ਨੂੰ ਵੀ ਉੱਠਣ ਲਈ ਕਿਹਾ। ਉਸ ਨੂੰ ਕਮਰੇ ਤੋਂ ਬਾਹਰ ਲੈ ਗਿਆ, ਬੈਠਕ ਵੱਲ, ਜਿੱਥੋਂ ਬਾਰੀ ਰਾਹੀਂ ਬਾਹਰ ਜਲਦੇ ਸ਼ਹਿਰ ਵੱਲ ਡਿੱਠਾ। ਮਸੀਤਾਂ ਸੜ ਰਹੀਆਂ ਸਨ। ਇੱਕ ਇਲਾਕੇ ਵਿੱਚ ਖ਼ਾਸ ਅੱਗ ਸੀ। ਬਲਰਾਜ ਖ਼ੁਦ ਉਦਾਸ ਹੋ ਗਿਆ। ਦੋਨੋਂ ਹੀ ਇੰਝ ਸੀ, ਦਿੱਲੀ ਦੇ ਲਾਲ ਦਿਸਹੱਦੇ ਵੱਲ ਦੇਖਦੇ।

– ਹੁਣ ਮੈਨੂੰ ਯਾਸ ਆ ਗਿਆ– ਬਾਬੇ ਨੇ ਕੁੱਝ ਚਿਰ ਬਾਅਦ ਮੂੰਹ ਖੋਲ੍ਹਿਆ। ਨਿਰਮਲ ਦੀ ਹਿੰਮਤ ਨਹੀਂ ਸੀ ਬਾਬੇ ਨਾਲ਼ ਇਸ ਵੇਲ਼ੇ ਅੱਖਾਂ ਚਾਰ ਕਰਨ ਦੀ, ਪਰ ਵੈਸੇ ਪਾਸਿਓ ਉਨ੍ਹਾਂ ਦਾ ਮੁਖੜਾ ਤਾਂ ਦਿਸਦਾ ਨਹੀਂ ਸੀ। ਸਿਰਫ਼ ਪਤਲਾ ਚਿੱਤਰ ਪਟ ਹੀ ਨਾਲ਼ ਖੜ੍ਹਾ ਸੀ। ਦੋਈ ਸ਼ਹਿਰ ਵੱਲ ਦੇਖੀ ਗਏ। – ਸਾਨੂੰ ਉਸ ਗਲੀਆਂ ’ਚ ਜਾ ਕੇ ਲੋਕਾਂ ਦੀ ਮਦਦ ਕਰਨੀ ਪੈਣੀ, ਜੋ ਮਰਜ਼ੀ ਲੇਖਾ ਦੇਣਾ ਪੈਣਾ। ਆਪਾਂ ਦਸਵੇਂ ਪਾਤਸ਼ਾਹ ਦੇ ਸ਼ੇਰ ਹਾਂ। ਕਦੀ ਨਹੀਂ ਭੁੱਲਣਾ। ਮੇਰੇ ਵਾਸਤੇ ਕਿਰਪਾਨ ਚੱਕ। ਆਪ ਵੀ ਕੁੱਝ ਲੈ ਲਾ...–

– ਜੀ...ਪਰ ਪੁਲਸ...–

– ਉਨ੍ਹਾਂ ਨੇ ਕੁੱਝ ਨਹੀਂ ਕਰਨਾ। ਪਾਸੇ ਖੜ੍ਹਾ ਕੇ ਕੁੱਤਿਆਂ ਨੂੰ ਮਾਰ ਮਰੇਇਆ ਦਾ ਮੌਕਾ ਹੀ ਦੇਣਾ। ਉਨ੍ਹਾਂ ਤੋਂ ਨਾ ਡਰ। ਜੇ 1984 ਵਾਂਗ ਸੱਚ ਮੁੱਚ ਹੈ, ਕੱਟ ਵੱਢ ਹੀ ਹੋਣੀ। ਇਹ ਤਾਂ ਇੱਥੋਂ ਹੀ ਦਿਸਦਾ ਹੈ। ਆ ਚਲੀਏ–। ਨਿਰਮਲ ਨੇ ਦੋ ਕਿਰਪਾਨਾਂ ਲੱਭ ਲਈਆਂ ਅਤੇ ਇੱਕ ਬਾਬੇ ਦੇ ਕਾਗਜ਼ੀ ਹੱਥ ਵਿੱਚ ਫੜ੍ਹਾ ਦਿੱਤੀ। ਦੋਨੋਂ ਘਰੋਂ ਬਾਹਰ ਨਿਕਲ ਗਏ।

ਨਿਰਮਲ ਦਾ ਘਰ ਸਿਵ ਵਿਹਾਰ ਵਿੱਚ ਹੈ।

ਜਦ ਸੜਕ ਉੱਤੇ ਪੁੱਜੇ ਇੱਕ ਪਾਸੇ ਤੀਹਾਂ ਦੀ ਲੁੱਚ ਮੰਡਲੀ ਸੀ ਜੋ ਇੱਕ ਕੁੱਖ ਹਰੀ ਹੋਈ ਕੁੜੀ ਨੂੰ ਠੋਕਰ ਮਰ ਰਹੇ ਸਨ। ਉਹ ਵਿਚਾਰੀ ਕਹਿ ਰਹੀ ਸੀ, – ਮੇਰੇ ਬੱਚੇ ਨੂੰ ਨਾ ਮਾਰੋ, ਪਲੀਸ– ਇਹ ਆਖਰੀ ਸ਼ਬਦ ਕਈ ਵਾਰੀ ਬੋਲ਼ਿਆ ਸੀ, ਪਰ ਉਨ੍ਹਾਂ ਦੇ ਕੰਨ ਬੰਦ ਸਨ।

ਸੜਕ ਦੇ ਦੂਜੇ ਪਾਸੇ ਇੱਕ ਦੁਕਾਨ ਵਿੱਚ ਮੁੰਡਾ ਬਾਹਰ ਖਿੱਚਿਆ। ਮੁੰਡੇ ਦੇ ਟੋਪੀ ਪਾਈ ਸੀ, ਜਿਸ ਤੋਂ ਸਾਫ਼ ਪਤਾ ਲਗਦਾ ਸੀ ਕਿ ਉਹ ਕੌਣ ਹੈ।

– ਮਾਰੋ ਸਾਲੇ ਮੁੱਲੇ ਕੋ!–
– ਜੈ ਸ਼੍ਰੀ ਰਾਮ!–
– ਨਿਕਲ ਹਮਾਰੇ ਮੁਲਕ ’ਚੋਂ ਪਾਸਕਿਸਤਾਨੀ!–

ਕੁੱਟ ਮਾਰ ਸ਼ੁਰੂ ਹੋ ਗਈ। ਆਲ਼ੇ ਦੁਆਲ਼ੇ ਲੋਕ ਚੁੱਪ ਚਾਪ ਖੜ੍ਹੇ ਸਨ। ਜਿੱਦਾਂ ਕੁੱਝ ਹੁੰਦਾ ਨਹੀਂ ਸੀ। ਇੱਕ ਨੇ ਤਾਂ ਫੋਨ ਲਾ ਕੇ ਫਿਲਮਿੰਗ ਸ਼ੁਰੂ ਕਰ ਲਈ।

– ਸ਼ੇਰਾ ਤੂੰ ਕੁੜੀ ਨੂੰ ਬਚਾ। ਦੂਜਿਆਂ ਨੂੰ ਮੈਂ ਵੇਖਦਾ ਹਾਂ। ਬਾਬਾ ਅੱਗੇ ਤੁਰ ਪਿਆ, ਉਸ ਦੀ ਪਿੱਠ ਨਿਰਮਲ ਵੱਲ। ਪਿੱਛੇ ਚਿੱਤਰ ਪਟ ਉੱਤੇ ਰੰਗ ਨਹੀਂ ਸੀ। ਪੀਲਾ ਕਾਗਜ਼ ਸੀ, ਜਿਸ ਨੂੰ ਬੰਦੇ ਦੇ ਰੂਪ ਵਿੱਚ ਕੱਟਿਆ ਹੋਇਆ ਸੀ। ਅਕਸਰ ਤਸਵੀਰ ਤਾਂ ਇਕੱਲੇ ਮੂਹਰਲੇ ਪਾਸੇ ਹੀ ਸੀ। ਪਰ ਉੱਪਰ ਚੱਕੀ ਕਿਰਪਾਨ ਸਾਫ਼ ਦਿਸਦੀ ਸੀ। ਲਗੌੜਾ ਨੂੰ ਵੀ ਬਾਬੇ ਦੀ ਉੱਚੀ ਆਵਾਜ਼ ਨੇ ਉਨ੍ਹਾਂ ਨੂੰ ਤਿੱਤਰ ਬਿੱਤਰ ਕਰ ਦਿੱਤਾ ਸੀ।

ਹੁਣ ਨਿਰਮਲ ਦੀ ਵਾਰ ਸੀ। – ਡਰ ਨਾ!– ਉਸ ਨੇ ਆਪ ਨੂੰ ਹੌਸਲਾ ਦਿੱਤਾ। ਉੱਚੀ ਚੀਕ ਮਾਰ ਕੇ ਹਜੂਮ ਵੱਲ ਵੱਧਿਆ। ਕਿਰਪਾਨ ਵੇਖ ਕੇ ਪਲ ਵਾਸਤੇ ਸਾਰੇ ਪਿੱਛੇ ਹੋਏ। ਨਿਰਮਲ ਨੇ ਕੁੜੀ ਨੂੰ ਭੁੰਜੇ ਚੁੱਕਿਆ ਅਤੇ ਸਹਾਰਾ ਦਿੱਤਾ। ਹੈਰਾਨ ਸੀ ਕਿ ਲੋਕ ਇੱਕ ਨਵੀਂ ਨਾਰੀ ਨੂੰ ਇੰਝ ਮਾਰ ਸਕਦੇ ਸੀ। ਉਹ ਵੀ ਤੀਹ ਮਰਦ। ਜਿੱਦਾਂ ਇੱਕ ਨੂੰ ਔਰਤ ਤੋਂ ਡਰ ਲਗਦਾ ਸੀ, ਪਰ ਮੰਡੀਰ ਨੂੰ ਬਹੁਤਾ ਔਖਾ ਨਹੀਂ ਲਗਦਾ ਸੀ ਇੱਕ ਨੂੰ ਮਾਰਨ। ਜਿੱਦਾਂ ਜ਼ਿਆਦੇ ਹੋਣ ਨਾਲ ਹੀ ਦਲੇਰੀ ਆਉਂਦੀ ਸੀ। ਉਂਗਲੀ ਫੜਨੀ ਤੋਂ ਬਾਅਦ ਨਿਰਮਲ ਨੂੰ ਯਾਦ ਆ ਗਿਆ ਆਲ਼ੇ ਦੁਆਲ਼ੇ ਕੀ ਹੁੰਦਾ ਸੀ। ਹਾਲੇ ਸੋਚ ਰਿਹਾ ਸੀ ਜਦ ਇੱਕ ਟੋਪੀ ਵਾਲਾ ਆਦਮੀ ਜਨਤਾ ਨੂੰ ਧੱਕ ਕੇ ਬਾਂਹ ਵੱਧਾ ਕੇ ਕੁੜੀ ਨੂੰ ਲੈ ਗਿਆ। ਫੇਰ ਆਕਰਮਣਕਾਰੀਆਂ ਨੂੰ ਵੀ ਫੇਰ ਹੌਸਲਾ ਹੋ ਗਿਆ ਸੀ। ਜੋ ਹੁਣ ਇੱਕ ਹੀ ਸ਼ਿਕਾਰ ਸੀ ਉਨ੍ਹਾਂ ਵਾਸਤੇ, ਮਾਰਨਾ ਸੌਖਾ ਹੋ ਗਿਆ। ਨਿਰਮਲ ਇੱਕ ਸੀ। ਉਹ ਤੀਹ ਸਨ। ਉਸ ਨੂੰ ਕੁੱਟਣ ਲਗ ਪਏ। ਹੁਣ ਨਿਰਮਲ ਥੱਲੇ ਜਾ ਡਿੱਗ ਪਿਆ। ਕਿਰਪਾਨ ਹੱਥ ’ਚੋਂ ਨਿਕਲ ਗਈ। ਬਾਹਾਂ ਨਾਲ਼ ਮੁਖ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਸੀ, ਬਾਲ ਵਾਂਗ ਗੋਡੇ ਹਿੱਕ ਨਾਲ਼ ਲਪੇਟ ਲੈ, ਢਿੱਡ ਨੂੰ ਬਚਾਉਣ। ਇੰਝ ਕੁੱਟ ਖਾਂਦੇ ਨੇ ਹੈਵਾਨਾਂ ਦੀਆਂ ਲੱਤਾਂ ਪਿੱਛੋਂ ਕੁੜੀ ਨੂੰ ਦੇਖ ਲਿਆ, ਉਸ ਮੁਸਲਿਮ ਟੋਪੀ ਵਾਲੇ ਬੰਦੇ ਨਾਲ਼ ਸੀ। ਫੇਰ ਇੱਕ ਸਿੱਖ ਰਾਕਟ ਦੇ ਪਿੱਛੇ ਉਨ੍ਹਾਂ ਨੂੰ ਬਿਠਾ ਕੇ ਲੈ ਗਿਆ। ਇਸ ਕੁੰਭੀ ਨਰਕ ਤੋਂ ਅਜ਼ਾਦ ਹੋ ਗਈ ਸੀ।

ਫੇਰ ਨਿਰਮਲ ਦੇ ਇੱਕ ਦਮ ਸੱਟਾਂ ਮਾਰਨੋ ਹੱਟ ਗਏ। ਉਸ ਦੀਆਂ ਬਾਹਾਂ ਥੱਲੇ ਗਈਆਂ ਅਤੇ ਕੰਨ ਧਰ ਕੇ ਧਿਆਨ ਦਿੱਤਾ।

– ਓਏ! ਮੇਰੀ ਵਾਰੀ ਹੈ ਕੁੱਤਿਓ!– ਬਾਬੇ ਦੀ ਆਵਾਜ਼ ਗੂੰਜੀ। ਮਿਰਮਲ ਨੂੰ ਬਿੰਦ ਕੁ ਲਈ ਕੁੱਟ ਤੋਂ ਅਫ਼ਾਕਾ ਮਿਲਿਆ। ਹੁਣ ਜਿਓ ਜਿਓ ਬਾਬੇ ਦੀ ਆਵਾਜ਼ ਸੁਣੀ, ਨਿਰਮਲ ਨੇ ਹੱਥ ਨਾਲ਼ ਕਿਰਪਾਨ ਲਭਣ ਦੀ ਕੋਸ਼ਿਸ਼ ਕੀਤੀ। ਚੀਸ ਨਾਲ਼ ਪਿੰਡਾ ਬਹੁਤ ਦੁੱਖਦਾ ਸੀ। ਉਸ ਦੇ ਨੈਣ ਸਿਲੇ ਸਿਲੇ ਹੋ ਗਏ।

ਵੈਸੇ ਮਾਰਨ ਵਾਲੇ ਹੁਣ ਬਾਬੇ ਨੂੰ ਪੈਰਾਂ ਤੋਂ ਸਿਰ ਤੀਕਰ ਤੱਕ ਰਹੇ ਸੀ। ਤਸਵੀਰ ਵਿੱਚ ਬਾਬਾ ਹਾਲੇ ਗੱਭਰੂ ਸੀ, ਸੋ ਇਸ ਕਰਕੇ ਉਨ੍ਹਾਂ ਦੇ ਸਾਹਮਣੇ ਉਹੀ ਬੰਦਾ ਖੜ੍ਹਾ ਸੀ, ਲਾਲ ਲਾਲ ਕਿਰਪਾਨ ਨਾਲ਼।

– ਮੈਨੂੰ ਠੁੱਡਾ ਮਾਰ ਕੇ ਦੇਖੋ! ਥੋਡੇ ਸੀਸਾਂ ਦੇ ਬੁਰਜੇ ਖੜ੍ਹੇ ਕਰ ਦੇਣੇ ਆ–। ਨਿਰਮਲ ਨੂੰ ਹਾਲੇ ਆਵਾਜ਼ ਹੀ ਸੁਣ ਰਹੀ ਸੀ। ਜਦ ਦਾ ਠੇਡਾ ਖਾ ਕੇ ਡਿੱਗ ਪਿਆ, ਉੱਠਣਾ ਔਖਾ ਸੀ। ਨਿਰਮਲ ਨੂੰ ਲੱਗਾ ਜਿੱਦਾਂ ਪਹਿਲੇ ਬਦਮਾਸ਼ਾਂ ਨਾਲ਼ ਲੜ ਕੇਬਾਬੇ ਦਾ ਸਾਹ ਕੱਢ ਛੱਡਿਆ ਸੀ। ਫੇਰ ਵੀ ਬਾਬੇ ਦੀ ਆਵਾਜ਼ ਵਿੱਚ ਡਰ ਨਹੀਂ ਸੀ। ਸੁਲਤਾਨ ਰਾਹੀ ਵਾਂਗ ਉਨ੍ਹਾਂ ਦੇ ਰਾਹ ਵਿੱਚ ਇੱਕ ਚੀੜ੍ਹਾ ਰੋੜਾ ਖੜ੍ਹਾ ਸੀ। ਬਾਬੇ ਦਾ ਇਰਾਦਾ ਸੀ ਸਭ ਨੂੰ ਛੱਕੇ ਛੁਡਾਉਣਾ ਸੀ। ਨਿਰਮਲ ਦੇ ਹੱਥ ਕਿਰਪਾਨ ਦੀ ਹੱਥੀ ਆ ਚੁੱਕੀ। ਉਸ ਨੇ ਹੁਣ ਖੜ੍ਹਣ ਦੀ ਹਿੰਮਤ ਕੀਤੀ। ਬਲਵਾਦੀ ਸਭ ਇੱਕੋ ਇੱਕ ਹੋ ਕੇ ਬਾਬੇ ਦੀ ਭੁੱਖੀ ਕਿਰਪਾਨ ਵੱਲ ਨੱਸੇ। ਇੱਕ ਬੁੜ੍ਹੇ ਨੇ ਉਨ੍ਹਾਂ ਦਾ ਕੀ ਵਿਗਾੜ ਦੇਣਾ ਸੀ? ਕੀ ਕਰ ਸਕਦਾ ਸੀ? ਉਹ ਤੀਹ, ‘ਤੇ ਉਹ ਇੱਕ। ਜਦ ਤੱਕ ਕਿਰਪਾਨ ਦੇ ਸਹਾਰੇ ਨਾਲ਼ ਨਿਰਮਲ ਖਲੋਇਆ, ਵੀਰਾਨਾ ਬਦਲ ਚੁੱਕਾ ਸੀ।

ਸ਼ਹਿਰ ਹਾਲੇ ਵੀ ਦਿੱਲੀ ਹੀ ਸੀ।
ਸੜਕ ਹੋਰ ਸੀ।
ਦ੍ਰਿਸ਼ ਵੀ ਹੋਰ ਸੀ,
ਪਰ ਹਲਾਤਾਂ ਓਹੀ ਸਨ।
ਹੁਣ ਨਿਰਮਲ 1984 ਵੇਲੇ ਖੜ੍ਹਾ ਖਲੋਤਾ ਸੀ!
ਨਸਲਕੁਸ਼ੀ ਆਸ ਪਾਸ।

ਨਿਰਮਲ ਹੈਰਾਨੀ ਨਾਲ਼ ਆਲ਼ੇ ਦੁਆਲ਼ੇ ਦੇਖਦਾ ਸੀ। ਸੜਕ ਦੇ ਵਿਚਾਲ਼ੇ, ਇੱਕ ਮੁੰਡਾ ਸੀ। ਸਿਰ ਉੱਤੇ ਜੂੜਾ ਸੀ, ਸਿਰ ਉੱਤੇ ਪੱਗ ਲਮਕਦੀ ਸੀ। ਪਰ ਆਪਣੇ ਹੱਥਾਂ ਨਾਲ਼ ਪੱਗ ਨੂੰ ਸੰਭਾਲ਼ ਨਹੀਂ ਸਕਦਾ ਸੀ। ਉਸ ਦੇ ਹੱਥ ਅਰ ਬਾਹਾਂ ਫਸੀਆਂ ਸਨ। ਇੱਕ ਭਾਰਾ ਟਾਇਰ ਰੋਕਦਾ ਸੀ। ਮੁੰਡੇ ਵਿੱਚੋਂ ਉੱਚੀ ਕੂਕ ਨਿਕਲ਼ੀ। ਉਸ ਦੇ ਆਲ਼ੇ ਦੁਆਲ਼ੇ ਕਈ ਮਰਦ ਮਰੇ ਸਨ, ਜੋ ਹਸ ਰਹੇ ਸੀ ਜਾਂ ਮੁੰਡੇ ਨੂੰ ਤਾਹਨੇ ਦੇ ਰਹੇ ਸੀ। ਇੱਕ ਨੇ ਉਸ ਬੱਚੇ ਉੱਪਰ ਤੇਲ ਡੋਲ ਦਿੱਤਾ। ਜਦ ਇਹ ਵੇਖਿਆ, ਬਿੰਨ ਸੋਚਣ, ਨਿਰਮਲ ਉਨ੍ਹਾਂ ਵੱਲ ਨੱਠਿਆ, ਕਿਰਪਾਨ ਉੱਚੀ ਕਰ ਕੇ। ਹਾਲੇ ਉਸ ਦਿਨ ਦੇ ਪਹਿਲੇ ਮੁਕਾਬਲੇ ਤੋਂ ਜੋਸ਼ ਸੀ। ਹੁਣ ਇਹ ਕੁੱਝ ਵੇਖ ਕੇ ਸਾਹਮਣਾ ਕਰਨਾ ਚਾਹੁੰਦਾ ਸੀ। ਜਦ ਉਨ੍ਹਾਂ ਬੰਦਿਆਂ ਨੇ ਨਿਰਮਲ ਨੂੰ ਵੇਖਿਆ, ਗੜਬੜੀ ਵਿੱਚ ਉਨ੍ਹਾਂ ਨੇ ਤੇਲ ਨੂੰ ਪਲੀਤਾ ਲਾਉਣਾ ਭੁੱਲਾ ਦਿੱਤਾ ਸੀ। ਮੁੰਡੇ ਦੇ ਨੇੜੇ, ਭੁੰਜੇ ਗੋਡੇ ਭਾਰ ਕੰਬਦਾ, ਉਸ ਦਾ ਪਿਓ ਸੀ, ਜਿਸ ਨੇ ਥੋੜ੍ਹਾ ਜਿਹਾ ਚਿਰ ਪਹਿਲਾਂ, ਓਹੀ ਆਦਮੀਆਂ ਤੋਂ ਕੁੱਟ ਖਾਧੀ ਸੀ। ਉਹ ਹੁਣ ਉੱਠ ਕੇ ਮੁੰਡੇ ਨੂੰ ਟਾਇਰ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਨ ਲੱਗਾ। ਮੁੰਡੇ ਦੇ ਹਮਲਾ ਆਵਰ ਹੁਣ ਪੂਰਾ ਧਿਆਨ ਨਿਰਮਲ ਵੱਲ ਦੇ ਰਹੇ ਸੀ। ਉਨ੍ਹਾਂ ਨੂੰ ਪਤਾ ਨਹੀਂ ਲੱਗਾ ਇਹ ਸਿਰ ਮੁੰਨਾ ਬੰਦਾ ਉਨ੍ਹਾਂ ਵਿੱਚੋਂ ਸੀ ਜਾਂ ਕੋਈ ਸਹਿਜਧਾਰੀ ਸਿੱਖ ਸੀ। ਕਲਾਈ ਵੱਲ ਝਾਕੇ, ਪਰ ਇੱਕ ਦਮ ਕੜਾ ਨਹੀਂ ਦਿੱਸਿਆ। ਜਦ ਤੱਕ ਉਨ੍ਹਾਂ ਕੋਲ਼ ਨਿਰਮਲ ਪੁੱਜ ਗਿਆ ਸੀ। ਇਸ ਹੀ ਵਕਤ ਪਿਓ ਨੇ ਪੁੱਤ ਨੂੰ ਧਰਤੀ ਉੱਤੇ ਸੁਟ ਕੇ ਟਾਇਰ ਵਿੱਚੋਂ ਬਾਹਰ ਘੜੀਸਣ ਦੀ ਕੋਸ਼ਿਸ਼ ਕੀਤੀ।

ਨਿਰਮਲ ਦੀ ਕਿਰਪਾਨ ਨੇ ਪਹਿਲੇ ਬੰਦੇ ਦੀ ਬਾਂਹ ਲਭ ਲਈ ਸੀ। ਜਦ ਧਰਤ ਉੱਤੇ ਭੁਜ ਦੇਖਿਆ, ਸਾਰੇ ਮਰਦ ਕਮਦਿਲ ਹੋ ਕੇ ਦੌੜ ਗਏ। ਜਿਦ ਦੀ ਅੰਗ ਸੀ ਚੀਕਦਾ ਸੀ।

ਬਾਕੀ ਪੰਨਾ 11 ’ਤੇ

# ਦਰਵੇਸ਼



ਸਤਪਾਲ ਸਿੰਘ ਦਿਓਲ

ਹਰ ਰੋਜ਼ ਦੀ ਤਰ੍ਹਾਂ ਮੈਂ ਅਦਾਲਤ ਜਾਣ ਵਾਸਤੇ ਮੁੱਖ ਸੜਕ ਤੋਂ ਲੰਘ ਰਿਹਾ ਸੀ। ਹਰ ਰੋਜ਼ ਮੇਰੀ ਕਾਰ ਪਿੱਛੇ ਦੌੜ ਕੇ ਮੈਨੂੰ ਫੜਨ ਦੀ ਕੋਸ਼ਿਸ਼ ਕਰਨ ਵਾਲੇ ਉਹ ਦੋ ਜਾਨਵਰ ਦਰਵੇਸ਼ ਜੋੜਾ ਕੁਝ ਦੇਰ ਭੱਜ ਕੇ ਭੌਂਕ ਕੇ ਰੁਕ ਜਾਂਦੇ। ਮੇਰੇ ਖਾਸ ਮਿੱਤਰ ਨਾਲ ਜਦੋਂ ਕਿਤੇ ਦੁਪਹਿਰ ਦਾ ਖਾਣਾ ਖਾਂਦੇ ਤਾਂ ਅਕਸਰ ਕੁਝ ਰੋਟੀਆਂ ਬਚ ਜਾਂਦੀਆਂ। ਬਚੀਆਂ ਹੋਈਆਂ ਰੋਟੀਆਂ ਨੂੰ ਉਹ ਦਰਵੇਸ਼ ਦੇ ਮੂੰਹ ਦੇਣ ਲਈ ਕਹਿੰਦਾ। ਹਰ ਰੋਜ਼ ਉਹ ਦਰਵੇਸ਼ ਜੋੜਾ ਮੇਰੀ ਕਾਰ ਵਿੱਚ ਮੈਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਤੱਕਦਾ। ਉਹ ਦੋਨੋਂ ਹਮੇਸ਼ਾ ਇਕੱਠੇ ਹੀ ਹਰ ਰੋਜ਼ ਉਸੇ ਜਗ੍ਹਾ ਉਸੇ ਤਰ੍ਹਾਂ ਮਿਲਦੇ ਪਰ ਮੈਂ ਕਾਰ ਭਜਾ ਕੇ ਕੋਲੋਂ ਲੰਘ ਜਾਂਦਾ। ਉਹ ਮੇਰਾ ਕੁਝ ਵਿਗਾੜ ਨਾ ਸਕਦੇ। ਮੈਨੂੰ ਜਾਪਦਾ ਕਿ ਜੇ ਰੱਬ ਨੇ ਮੈਨੂੰ ਕਾਰ ਨਾ ਦਿੱਤੀ ਹੁੰਦੀ ਤੇ ਮੈਨੂੰ ਪੈਦਲ ਲੰਘਣਾ ਪੈਂਦਾ ਤਾਂ ਇਹ ਦੋਵੇਂ ਮੈਨੂੰ ਵੱਢ ਕੇ ਖਾ ਜਾਂਦੇ। ਕਈ ਵਾਰ ਉਹ ਦੂਰ ਅਰਾਮ ਨਾਲ ਬੈਠੇ ਹੁੰਦੇ ਅਤੇ ਮੇਰੇ ਵੱਲ ਵੇਖ ਨਾ ਰਹੇ ਹੁੰਦੇ ਤਾਂ ਮੈਂ ਵੀ ਜਾਣ ਬੁੱਝ ਕੇ ਹਾਰਨ ਮਾਰ ਕੇ ਉਹਨਾਂ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ। ਉਹ ਰੋਜ਼ਾਨਾ ਵਾਂਗ ਮੇਰੇ ਪਿੱਛੇ ਪੈ ਜਾਂਦੇ। ਮੈਂ ਆਪਣੇ ਚੈਂਬਰ ਵਿੱਚ ਪਹੁੰਚ ਕੇ ਉਹਨਾਂ ਦਰਵੇਸ਼ਾਂ ਬਾਰੇ ਕੁਝ ਸਕਿੰਟ ਸੋਚਦਾ ਜ਼ਰੂਰ ਕਿ ਕੁਦਰਤ ਨੇ ਆਖਰ ਕੁਝ ਤਾਂ ਇਹਨਾਂ ਦਰਵੇਸ਼ਾਂ ਨੂੰ ਸੋਹਝ ਦਿੱਤੀ ਹੈ। ਹੋ ਸਕਦਾ ਹੈ ਮੈਂ ਇਹਨਾਂ ਦੇ ਇਲਾਕੇ ਵਿੱਚ ਦਖਲ ਅੰਦਾਜ਼ੀ ਕਰ ਰਿਹਾ ਹੋਵਾਂ ਤਾਂ ਹੀ ਉਹ ਮੈਨੂੰ ਰੋਕਣਾ ਚਾਹੁੰਦੇ ਹੋਣ। ਸਾਰਾ ਦਿਨ ਆਪਣੇ ਕੰਮ ਵਿੱਚ ਮੈਂ ਰੁੱਝ ਜਾਂਦਾ। ਵਾਪਸੀ ਸਮੇਂ ਉਹ ਫਿਰ ਮੈਨੂੰ ਉਸੇ ਤਰ੍ਹਾਂ ਮਿਲਦੇ।

ਬਹੁਤ ਦਿਨਾਂ ਤਕ ਇਹੀ ਸਿਲਸਿਲਾ ਲਗਾਤਾਰ ਜਾਰੀ ਰਿਹਾ। ਇੱਕ ਦਿਨ ਉਸ ਦਰਵੇਸ਼ ਦੀ ਸਾਥੀ ਸੜਕ ’ਤੇ ਚਿੱਤ ਪਈ ਸੀ। ਲੱਗਦਾ ਸੀ ਕੋਈ ਮੇਰੇ ਵਰਗਾ ਕਾਰ ਭਜਾ ਕੇ ਕਾਹਲ਼ੀ ਵਿੱਚ ਉਸ ਨੂੰ ਫੇਟ ਮਾਰ ਗਿਆ ਸੀ। ਦਰਵੇਸ਼ ਉਸ ਕੋਲ ਬੈਠਾ ਸੀ, ਕੁਝ ਵੀ ਕਰਨ ਤੋਂ ਅਸਮਰੱਥ, ਅਡੋਲ। ਮੈਂ ਬਹੁਤਾ ਧਿਆਨ ਨਹੀਂ ਦਿੱਤਾ। ਆਪਣੇ ਖਿਆਲਾਂ ਵਿੱਚ ਹੀ ਕਾਰ ਤੇਜ਼ ਰਫ਼ਤਾਰ ਨਾਲ ਦੌੜਾ ਕੇ ਲੰਘ ਗਿਆ। ਦਫਤਰ ਪਹੁੰਚ ਕੇ ਸੋਚਿਆ ਜ਼ਰੂਰ ਕਿ ਦਰਵੇਸ਼ ਦੁੱਖ ਵਿੱਚ ਸੀ। ਸਾਰਾ ਦਿਨ ਬੇਚੈਨੀ ਨਾਲ ਲੰਘਿਆ। ਮੈਂ ਆਪਣਾ ਦੁਪਹਿਰ ਦਾ ਖਾਣਾ ਵੀ ਉਸ ਦਿਨ ਨਹੀਂ ਖਾਧਾ। ਵਾਪਸੀ ਸਮੇਂ ਦੇਖਿਆ, ਦਰਵੇਸ਼ ਅਜੇ ਵੀ ਉੱਥੇ ਹੀ ਬੈਠਾ ਸੀ ਤੇ ਆਪਣੇ ਸਾਥੀ ਦੇ ਉੱਠ ਜਾਣ ਦਾ ਇੰਤਜ਼ਾਰ ਕਰ ਰਿਹਾ ਸੀ। ਮੈਂ ਉਸ ਕੋਲ ਰੁਕਿਆ। ਉਹ ਮੈਨੂੰ ਭੌਂਕਿਆ ਨਹੀਂ, ਨਾ ਹੀ ਮੈਨੂੰ ਉਸ ਨੇ ਗੌਲ਼ਿਆ। ਮੈਂ ਆਪਣੇ ਖਾਣੇ ਦੇ ਡੱਬੇ ਵਿੱਚੋਂ ਰੋਟੀ ਕੱਢ ਕੇ ਉਸ ਦੇ ਅੱਗੇ ਸੁੱਟ ਦਿੱਤੀ। ਉਸ ਨੇ ਰੋਟੀ ਵੱਲ ਵੇਖਿਆ ਹੀ ਨਹੀਂ। ਮੈਂ ਸੋਚਿਆ, ਉਸ ਨੂੰ ਜਦੋਂ ਭੁੱਖ ਲੱਗੇਗੀ ਬਾਅਦ ਵਿੱਚ ਆਪੇ ਖਾ ਲਵੇਗਾ।

ਸਵੇਰ ਵੇਲੇ ਲੰਘਣ ਸਮੇਂ ਵੀ ਉਹ ਸ਼ਾਂਤ ਚਿੱਤ ਬੈਠਾ ਸੀ ਤੇ ਕੱਲ੍ਹ ਵਾਲੀ ਰੋਟੀ ਉਸੇ ਤਰ੍ਹਾਂ ਪਈ ਸੀ। ਦੋ ਦਿਨ ਤਕ ਉਹ ਦਰਵੇਸ਼ ਆਪਣੇ ਸਾਥੀ ਦੇ ਉੱਠਣ ਦੀ ਉਡੀਕ ਕਰਦਾ ਰਿਹਾ। ਪਰ ਅਗਲੇ ਦਿਨ ਮੈਂ ਫਿਰ ਉਸ ਲਈ ਬਚਾ ਕੇ ਲਿਆਂਦੀ ਰੋਟੀ ਉਸ ਅੱਗੇ ਸੁੱਟ ਦਿੱਤੀ। ਉਸ ਨੇ ਕੁਝ ਦੇਰ ਸੋਚ ਕੇ ਅੱਧੀ ਰੋਟੀ ਖਾ ਲਈ।

ਹੁਣ ਅਕਸਰ ਅਦਾਲਤ ਜਾਂਦਿਆਂ ਉਹ ਮੇਰਾ ਇੰਤਜ਼ਾਰ ਕਰਦਾ ਹੈ। ਸ਼ਾਇਦ ਰੋਟੀ ਦਾ ਇੰਤਜ਼ਾਰ ਕਰਦਾ ਹੈ। ਸਨਿੱਚਰਵਾਰ, ਐਤਵਾਰ ਜਦੋਂ ਮੈਂ ਅਦਾਲਤ ਨਹੀਂ ਜਾਂਦਾ ਉਹ ਆਪਣਾ ਪ੍ਰਬੰਧ ਕਿਤੋਂ ਤਾਂ ਕਰਦਾ ਹੋਵੇਗਾ। ਪਰ ਹੁਣ ਉਹ ਮੇਰੀ ਕਾਰ ਪਿੱਛੇ ਭੱਜਣਾ ਭੁੱਲ ਗਿਆ ਹੈ, ਮੈਨੂੰ ਸਿਰਫ ਰੋਟੀ ਵਾਸਤੇ ਉਡੀਕਦਾ ਰਹਿੰਦਾ ਹੈ। ਮੈਂ ਦੋ ਸਤਰਾਂ ਲਿਖੀਆਂ:

ਉਮਰਾਂ ਦੇ ਵਾਅਦੇ ਸੀ ਸੱਜਣਾਂ ਦੱਸ ਕਿਉਂ ਭੁਲਾ ਦਿੱਤੇ,

ਰਾਜੇ ਸੀ ਆਪਾਂ ਦੇਸਾਂ ਵਿੱਚ ਪਰਦੇਸਾਂ ਨੇ ਰੁਲਾ ਦਿੱਤੇ।

ਮੇਰੇ ਦੋਸਤ ਮੈਨੂੰ ਕਹਿ ਰਹੇ ਸੀ ਕਿ ਦੱਸ ਤਾਂ ਸਹੀ ਤੇਰੇ ਦਿਲ ’ਤੇ ਕੀ ਸੱਟ ਲੱਗੀ ਹੈ? ਉਹਨਾਂ ਨੂੰ ਕੌਣ ਦੱਸੇ, ਲਿਖਣ ਲਈ ਜ਼ਰੂਰੀ ਨਹੀਂ ਕਿ ਦਿਲ ’ਤੇ ਸੱਟ ਲੱਗੀ ਹੋਵੇ, ਹੋ ਸਕਦਾ ਹੈ ਕਿਸੇ ਦਰਵੇਸ਼ ਵੱਲ ਵੇਖ ਕੇ ਲਿਖਿਆ ਗਿਆ ਹੋਵੇ।

# ਪ੍ਰਦੇਸੀਆਂ ਦੀ ਤ੍ਰਾਸਦੀ



ਇੰਦਰਜੀਤ ਸਿੰਘ ਕੰਗ

‘ਪ੍ਰਦੇਸੀ’ ਸ਼ਬਦ ਦੀ ਵਿਆਖਿਆ ਬਹੁਤ ਹੀ ਗੁੰਝਲਦਾਰ ਅਤੇ ਅਣਸੁਲਝੀ ਹੈ, ਜਿਸ ਬਾਰੇ ਪੰਜਾਬ ਦੇ ਅਨੇਕਾਂ ਲੇਖਕਾਂ ਨੇ ਆਪਣੇ ਲੇਖਾਂ ਵਿੱਚ ਅਤੇ ਗਾਇਕਾਂ ਨੇ ਆਪਣੇ ਗੀਤਾਂ ਵਿਚ ਬੜਾ ਕੁਝ ਦੱਸਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਵੀ ਬੜਾ ਕੁਝ ਬਿਆਨ ਕੀਤਾ ਹੈ। ਪ੍ਰਦੇਸੀਆਂ ਦੀ ਜ਼ਿੰਦਗੀ ਦੋ ਬੇੜੀਆਂ ਵਿੱਚ ਪੈਰ ਰੱਖ ਕੇ ਜਿਉਣ ਵਾਲੀ ਹੈ।

ਜਦੋਂ ਕਿਸੇ ਮਾਂ-ਬਾਪ ਦਾ ਪੁੱਤਰ ਜਾਂ ਧੀ ਪ੍ਰਦੇਸ ਜਾਂਦਾ ਹੈ ਤਾਂ ਕਿਸ ਤਰ੍ਹਾਂ ਦੀ ਟੀਸ ਉਨ੍ਹਾਂ ਦੇ ਦਿਲ ਅੰਦਰ ਪੈਂਦੀ ਹੈ ਅਤੇ ਉਹ ਉਸ ਟੀਸ ਨੂੰ ਆਪਣੇ ਅੰਦਰ ਹੀ ਅੰਦਰ ਪੀਂਦੇ ਰਹਿੰਦੇ ਹਨ। ਪੰਜਾਬ ਅੰਦਰ ਹਜ਼ਾਰਾਂ ਹੀ ਅਜਿਹੇ ਮਾਪੇ ਹਨ ਜੋ ਇਸ ਤਰ੍ਹਾਂ ਦੀ ਪੀੜਾ ਵਿੱਚੋਂ ਲੰਘ ਕੇ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਅਨੇਕਾਂ ਹੀ ਮਾਪੇ ਇਨ੍ਹਾਂ ਪ੍ਰਦੇਸੀਆਂ ਦੀ ਉਡੀਕ ਵਿਚ ਖੁਦ ਅਜਿਹੀ ਉਡਾਰੀ ’ਤੇ ਨਿਕਲ ਗਏ, ਜਿੱਥੋਂ ਕਦੇ ਕੋਈ ਵਾਪਸ ਨਹੀਂ ਮੁੜਦਾ। ਜਦੋਂ ਪ੍ਰਦੇਸੀ ਵਾਪਸ ਆਪਣੇ ਆਲ੍ਹਣੇ ਵਿੱਚ ਮੁੜਦੇ ਹਨ ਤਾਂ ਆਲ੍ਹਣਾ ਤੀਲਾ ਤੀਲਾ ਹੋਇਆ ਮਿਲਦਾ ਹੈ।

ਇਹ ਨਹੀਂ ਕਿ ਇਹ ਸਾਰੀ ਪੀੜਾ ਕੇਵਲ ਮਾਪੇ ਹੀ ਹੰਢਾਉਂਦੇ ਹਨ, ਇਸੇ ਤਰ੍ਹਾਂ ਦੀ ਪੀੜ ਵਿੱਚੋਂ ਖੁਦ ਪ੍ਰਦੇਸੀ ਵੀ ਲੰਘਦੇ ਹਨ। ਇਸੇ ਤਰ੍ਹਾਂ ਦੀ ਹੀ ਪੀੜਾ ਦਾ ਸਾਹਮਣਾ ਮੈਂ ਆਪਣੇ ਅੱਖੀਂ ਅਤੇ ਦਿਲੋਂ ਮਹਿਸੂਸ ਕੀਤਾ ਹੈ।

ਗੱਲ 8 ਮਈ 2009 ਦੀ ਹੈ, ਜਦੋਂ ਮੇਰੇ ਪਿਤਾ ਜੀ ਹੀਰੋ ਹਾਰਟ ਡੀ. ਐਮ. ਸੀ. ਲੁਧਿਆਣਾ ਵਿਖੇ ਅਚਾਨਕ ਬ੍ਰੇਨ ਹੈਮਰੇਜ਼ ਹੋ ਜਾਣ ਕਾਰਨ ਸਾਥੋਂ ਸਦਾ ਲਈ ਵਿਛੜ ਗਏ। ਮੇਰਾ ਵੱਡਾ ਭਰਾ ਜੋ ਕਿ ਕੈਨੇਡਾ ਵਿਖੇ ਰਹਿੰਦਾ ਹੈ, ਨੂੰ ਪਿਤਾ ਜੀ ਦੀ ਅਚਾਨਕ ਹੋਈ ਮੌਤ ਬਾਰੇ ਦੱਸਿਆ ਤਾਂ ਉਸ ਨੇ ਕਿਹਾ ਕਿ ਮੈਂ ਟਿਕਟ ਦਾ ਇੰਤਜਾਮ ਕਰਕੇ ਛੇਤੀ ਤੋਂ ਛੇਤੀ ਪਹੁੰਚਣ ਦੀ ਕੋਸ਼ਿਸ਼ ਕਰਦਾ ਹਾਂ, ਤੁਸੀਂ ਮੇਰੀ ਉਡੀਕ ਕਰੋ। ਟਿਕਟ ਮਿਲਣ ਵਿੱਚ ਦੇਰੀ ਹੋ ਰਹੀ ਸੀ, ਮੇਰੇ ਚਾਚਾ ਜੀ ਨੇ ਉਸ ਨਾਲ ਗੱਲਬਾਤ ਕੀਤੀ ਕਿ ਗਰਮੀ ਦਾ ਮੌਸਮ ਹੋਣ ਕਾਰਨ ਅਸੀਂ ਅੰਤਿਮ ਸਸਕਾਰ ਦੀ ਰਸਮ ਕਰ ਲੈਂਦੇ ਹਾਂ, ਤੂੰ ਜਲਦੀ ਪਹੁੰਚਣ ਦੀ ਕੋਸ਼ਿਸ਼ ਕਰ ਲਵੀਂ। ਸਮਝਾਉਣ ਤੇ ਵੱਡਾ ਭਰਾ ਮੰਨ ਗਿਆ।

ਅਸੀਂ ਉਸ ਦਿਨ ਸ਼ਾਮ ਨੂੰ ਪਿਤਾ ਜੀ ਦੇ ਅੰਤਿਮ ਸਸਕਾਰ ਦੀ ਰਸਮ ਪੂਰੀ ਕਰ ਲਈ। ਤੀਸਰੇ ਦਿਨ ਫੁੱਲ ਚੁਗ ਕੇ ਸ੍ਰੀ ਕੀਰਤਪੁਰ ਸਾਹਿਬ ਜਾ ਕੇ ਪਾ ਆਏ। ਇੰਨੇ ਨੂੰ ਵੱਡਾ ਭਰਾ ਵੀ ਬਾਹਰੋਂ ਆ ਗਿਆ। ਉਸ ਦੀਆਂ ਅੱਖਾਂ ਘਰ ਵਿੱਚੋਂ ਪਿਤਾ ਜੀ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਜਿਹੜੇ ਅਜੇ 7 ਮਹੀਨੇ ਪਹਿਲਾਂ ਹੀ ਉਸ ਕੋਲ ਕੈਨੇਡਾ ਘੁੰਮ ਕੇ ਆਏ ਸਨ। ਘਰ ਵਿੱਚ ਪੂਰੀ ਤਰ੍ਹਾਂ ਸੋਗ ਪਸਰਿਆ ਪਿਆ ਸੀ। ਚਾਰ ਕੁ ਦਿਨਾਂ ਬਾਅਦ ਜਦੋਂ ਅਸੀਂ ਸਾਰੇ ਇਕੱਠੇ ਬੈਠੇ ਪਿਤਾ ਜੀ ਦੀਆਂ ਗੱਲਾਂ ਕਰ ਰਹੇ ਸੀ ਤਾਂ ਵੱਡੇ ਭਰਾ ਨੇ ਕਿਹਾ ਕਿ ਮੜ੍ਹੀਆਂ ਵਿੱਚ ਪਿਤਾ ਜੀ ਦੀ ਰਾਖ ਉਡ ਕੇ ਲੋਕਾਂ ਦੇ ਪੈਰਾਂ ਹੇਠ ਰੁਲੇਗੀ, ਕਿਉਂ ਨਾ ਆਪਾਂ ਰਾਖ ਇਕੱਠੀ ਕਰਕੇ, ਚੱਲਦੇ ਪਾਣੀ ਵਿੱਚ ਵਹਾ ਆਈਏ। ਮੈਂ ਅਤੇ ਮੇਰਾ ਵੱਡਾ ਭਰਾ ਥੈਲੇ ਲੈ ਕੇ ਮੜ੍ਹੀਆਂ ਵਿੱਚ ਪਹੁੰਚ ਗਏ। ਵੱਡਾ ਭਰਾ ਦੋ ਤਿੰਨ ਮਿੰਟ ਗੁੰਮ ਸੁੰਮ ਖੜ੍ਹਾ ਉਸ ਲੰਬੀ ਪਈ ਰਾਖ ਦੀ ਢੇਰੀ ਨੂੰ ਦੇਖਦਾ ਰਿਹਾ, ਜਿੱਥੇ ਪਿਤਾ ਜੀ ਦਾ ਸਸਕਾਰ ਕੀਤਾ ਸੀ। ਫਿਰ ਪਿਤਾ ਜੀ ਦੇ ਸਰਹਾਣੇ ਵੱਲ ਬੈਠ ਕੇ ਰਾਖ ਉੱਤੇ ਇਸ ਤਰ੍ਹਾਂ ਹੱਥ ਫੇਰਨ ਲੱਗਾ, ਜਿਸ ਤਰ੍ਹਾਂ ਉਹ ਸ਼ਾਂਤ ਪਏ ਪਿਤਾ ਜੀ ਦੇ ਮੱਥੇ ਤੇ ਹੱਥ ਫੇਰ ਰਿਹਾ ਹੋਵੇ, ਉਨ੍ਹਾਂ ਤੋਂ ਉਹਨਾਂ ਦਾ ਹਾਲਚਾਲ ਪੁੱਛ ਰਿਹਾ ਹੋਵੇ। ਮੈਨੂੰ ਵੀ ਉਸ ਰਾਖ ਦੀ ਢੇਰੀ ਵਿੱਚੋਂ ਹੱਸਦੇ ਚਿਹਰੇ ਵਾਲੇ ਪਿਤਾ ਜੀ ਦਿਖਾਈ ਦੇ ਰਹੇ ਹਨ, ਜਿਵੇਂ ਚਾਰ ਦਿਨ ਪਹਿਲਾਂ ਲੁਧਿਆਣੇ ਹਸਪਤਾਲ ਵਿੱਚ ਦਾਖਲ ਰਾਤ ਨੂੰ ਕਹਿ ਰਹੇ ਸਨ ਕਿ ਮੈਂ ਬਿਲਕੱਲ ਠੀਕ ਠਾਕ ਹਾਂ, ਸਵੇਰੇ ਆਪਾਂ ਛੁੱਟੀ ਲੈ ਕੇ ਘਰ ਚਲੇ ਜਾਣਾ ਹੈ, ਤੂੰ ਫਿਕਰ ਨਾ ਕਰ।

ਕੁਝ ਚਿਰ ਪਿੱਛੋਂ ਵੱਡਾ ਭਰਾ ਕੁਝ ਸਹਿਜ ਹੋਇਆ ਤਾਂ ਅਸੀਂ ਦੋਵੇਂ ਭਰਾ ਰਾਖ ਨੂੰ ਹੱਥਾਂ ਨਾਲ ਥੈਲੇ ਵਿੱਚ ਪਾਉਣ ਲੱਗੇ। ਰਾਖ ਨੂੰ ਥੈਲੇ ਵਿੱਚ ਪਾਉਂਦੇ ਸਮੇਂ ਜਦੋਂ ਮੇਰਾ ਹੱਥ ਵੱਡੇ ਭਰਾ ਵਾਲੇ ਪਾਸੇ ਗਿਆ ਤਾਂ ਉਸਦੀਆਂ ਅੱਖਾਂ ਵਿੱਚੋਂ ਗਰਮ-ਗਰਮ ਹੰਝੂ ਮੇਰੇ ਹੱਥਾਂ ਉੱਤੇ ਗਿਰੇ, ਜੋ ਪਹਿਲਾਂ ਉਸ ਠੰਢੀ ਹੋ ਚੁੱਕੀ ਰਾਖ ਉੱਤੇ ਗਿਰ ਰਹੇ ਸਨ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਜਿਸ ਤਰ੍ਹਾਂ ਵੱਡਾ ਭਰਾ ਇਸ ਠੰਢੀ ਹੋ ਚੁੱਕੀ ਰਾਖ ਵਿੱਚੋਂ ਆਪਣੇ ਕੋਸੇ ਕੋਸੇ ਹੰਝੂਆਂ ਨਾਲ ਪਿਤਾ ਜੀ ਦਾ ਪਿਆਰ ਤੇ ਨਿੱਘ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਮੈਂ ਉੱਥੇ ਖੜ੍ਹਾ ਉਨ੍ਹਾਂ ਹਜ਼ਾਰਾਂ ਪ੍ਰਦੇਸੀਆਂ ਦੀ ਤ੍ਰਾਸਦੀ ਬਾਰੇ ਸੋਚ ਰਿਹਾ ਸੀ, ਜਿਹੜੇ ਠੰਢੀ ਹੋ ਚੁੱਕੀ ਰਾਖ ਵਿੱਚੋਂ ਵਿੱਛੜ ਚੁੱਕੇ ਆਪਣਿਆਂ ਦਾ ਨਿੱਘ ਲੱਭਣ ਦੀ ਕੋਸ਼ਿਸ਼ ਕਰਦੇ ਹਨ ਜਾਂ ਜਿਹੜੇ ਸਸਕਾਰ ਮੌਕੇ ਪਹੁੰਚ ਕੇ ਠੰਢੇ ਹੋ ਚੁੱਕੇ ਸਰੀਰਾਂ ਨਾਲ ਲਿਪਟ ਕੇ ਨਿੱਘ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਕਈ ਪ੍ਰਦੇਸੀਆਂ ਨੂੰ ਤਾਂ ਇਨ੍ਹਾਂ ਦੋਹਾਂ ਵਿੱਚੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਸੋਚ ਰਿਹਾ ਸਾਂ ਕਿ ਇਸ ਤ੍ਰਾਸਦੀ ਨੂੰ ਪ੍ਰਦੇਸੀਆਂ ਦੀ ਬਦ-ਕਿਸਮਤੀ ਕਹਾਂ, ਮਜ਼ਬੂਰੀ ਕਹਾਂ ਜਾਂ ਫਿਰ ...?

# ਪ੍ਰਤਿਭਾ ਅਤੇ ਭਾਵੁਕ ਪਲ



ਸਰਵਨ ਸਿੰਘ ਭੰਗੂ

ਉਸ ਦਿਨ ਮੈਂ ਮੈਰਿਜ ਪੈਲੇਸ ਵਿੱਚ ਸਹੀ ਸਮੇਂ ਤੋਂ ਬਹੁਤ ਦੇਰ ਨਾਲ, ਸ਼ਾਮ 4 ਵਜੇ ਦਾਖਲ ਹੋਇਆ। ਸਟੇਜ 'ਤੇ ਚਾਰ ਕਲਾਕਾਰ ਸਹਿਜ ਨਾਲ ਨੱਚ ਰਹੇ ਸਨ, ਸਿਰਫ ਦਰਜਨ ਕੁ ਪਰਿਵਾਰਕ ਲੋਕ ਹੀ ਮੂਹਰਲੀਆਂ ਕੁਰਸੀਆਂ 'ਤੇ ਬੈਠੇ ਸਨ। ਫੋਟੋਗਰਾਫਰ ਸਟੇਜ ਵੱਲ ਮੂੰਹ ਕਰਕੇ ਖੜ੍ਹੀ ਵਿਆਹੁਤਾ-ਜੋੜੀ ਦੀਆਂ ਫੋਟੋਆਂ ਲਾਹ ਰਿਹਾ ਸੀ। ਜਦੋਂ ਮੈਂ ਪਿੱਛੋਂ ਜਾ ਕੇ ਲਾੜੇ ਦੇ ਮੋਢੇ 'ਤੇ ਹੱਥ ਧਰਿਆ ਤਾਂ ਉਹ ਮੈਨੂੰ ਵੇਖਦੇ ਸਾਰ ਮੇਰੇ ਨਾਲ ਚਿਪਕ ਗਿਆ ਅਤੇ ਹਟਕੋਰੇ ਭਰਦਿਆਂ ਰੋਣ ਲੱਗ ਪਿਆ। ਮੈਂ ਅਜੇ ਉਸ ਨੂੰ ਸਹਿਲਾ ਹੀ ਰਿਹਾ ਸਾਂ ਕਿ ਸਾਹਮਣੇ ਖੜ੍ਹੀ ਉਸਦੀ ਮਾਂ ਦੀਆਂ ਅੱਖਾਂ ਵੀ ਛਲਕ ਪਈਆਂ ਅਤੇ ਇਸ ਮੌਕਾ-ਮੇਲ 'ਤੇ ਸਿੱਲ ਮੇਰੀਆਂ ਅੱਖਾਂ ਵਿੱਚ ਵੀ ਉੱਭਰ ਆਈ। ਮੇਰੇ ਜ਼ਿਹਨ ਵਿੱਚ ਆਇਆ, ਜਿਵੇਂ ਮੈਂ ਕੋਈ ਗਲਤੀ ਕਰ ਬੈਠਾ ਹੋਵਾਂ, ਪਰ ਨਹੀਂ, ਇਹ ਤਾਂ ਬਿਤੇ ਦੀਆਂ ਯਾਦਾਂ ਅਤੇ ਵਰਤਮਾਨ ਦੇ ਭਾਵੁਕ ਪਲ ਸਮੇਂ ਨੂੰ ਯਾਦਗਾਰੀ ਬਣਾ ਰਹੇ ਸਨ। ਮੈਂ ਲਾੜੇ ਨੂੰ ਆਪਣੇ-ਆਪ ਨਾਲੋਂ ਮਸੀਂ ਤੋੜਿਆ, ਸਹਿਜ ਕੀਤਾ, ਤਾਂ ਕਿ ਉਹ ਅਗਲੀਆਂ ਰਸਮਾਂ ਨਿਭਾਉਂਦਾ ਰਹੇ।

ਮੇਰੇ ਅੱਗੇ ਅਤੀਤ ਦੇ ਪੰਨੇ ਖੁੱਲ੍ਹਣ ਲੱਗੇ। ਮਈ 2005 ਦੀ ਸਖਤ ਗਰਮੀ ਵਿੱਚ ਜਦੋਂ ਮੈਂ ਆਪਣੇ ਬਣ ਰਹੇ ਮਕਾਨ ਦੀ ਛੱਤ ਹੇਠਲੀਆਂ ਥੰਮ੍ਹੀਆਂ ਨਿਹਾਰ ਰਿਹਾ ਸਾਂ ਤਾਂ ਪਸੀਨੋ-ਪਸੀਨੀ ਹੋਇਆ ਇੱਕ ਇਕਹਿਰੇ ਕੱਦ ਦਾ ਲੜਕਾ ਨੇੜੇ ਆ ਪੁੱਛਣ ਲੱਗਾ, "ਤੁਸੀਂ ਭੰਗੂ ਸਰ ਹੋ?" ਮੇਰੇ ਹਾਂ ਕਹਿਣ 'ਤੇ ਉਹ ਬੜੀ ਘਬਰਾਹਟ ਵਿੱਚ ਇੱਕੋ ਸਾਹ ਬੋਲਿਆ, "ਮੈਂ ਸੰਧੂਆਂ ਪਿੰਡ ਦੇ ਨਵੋਦਿਆ ਵਿਦਿਆਲੇ ਹੋ ਕੇ ਆਇਆ ਹਾਂ, ਉਹ ਕਹਿੰਦੇ ਅਸੀਂ ਤੈਨੂੰ ਪੜ੍ਹਾ ਨੀ ਸਕਦੇ, ਤੂੰ ਜਾ ਕੇ ਭੰਗੂ ਸਰ ਨੂੰ ਮਿਲ ਲੈ, ਉਹ ਤੈਨੂੰ ਪੜ੍ਹਾ ਸਕਦੇ ਹਨ। ਕੀ ਤੁਸੀਂ ਮੈਨੂੰ ਮੁਫਤ ਪੜ੍ਹਾ ਸਕਦੇ ਹੋ? ਮੈਂ ਮੈਟ੍ਰਿਕ ਵਿੱਚੋਂ 84 ਫੀਸਦ ਅੰਕ ਲਏ ਹਨ।"

"ਕਾਕਾ, ਆਹ ਲੈ, ਪਹਿਲਾਂ ਪਾਣੀ ਪੀ।" ਮੈਂ ਪਾਣੀ ਦਾ ਗਲਾਸ ਫੜਾਉਂਦਿਆਂ ਕਿਹਾ। ਉਸਨੇ ਜਿਸ ਕਾਹਲ ਨਾਲ ਪਾਣੀ ਸੁੱਕੇ ਸੰਘੋਂ ਲੰਘਾਇਆ, ਮੈਂ ਪਿਆਸ ਦੀ ਤੀਬਰਤਾ ਨੋਟ ਕੀਤੀ ਅਤੇ ਉਸ ਨੂੰ ਆਪਣੇ ਕੋਲ ਮੰਜੇ 'ਤੇ ਬਿਠਾ ਲਿਆ। ਉਹ ਫਿਰ ਬੋਲਣ ਲੱਗਾ, "ਅਸੀਂ ਤਿੰਨ ਭੈਣ-ਭਰਾ ਹਾਂ। ਮੇਰਾ ਪਾਪਾ ਰੇਹੜੀ/ਫੜ੍ਹੀ ਦੀਆਂ ਵਸਤਾਂ ਦਾ ਵਿਕ੍ਰੇਤਾ ਹੈ।ਮਾਂ ਵੀ ਮਿਹਨਤ ਕਰਦੀ ਹੈ, ਪਰ ਘਰ ਦੀ ਰੋਟੀ ਮਸੀਂ ਚੱਲਦੀ ਹੈ। ਦੱਸੋ ਅੰਕਲ, ਤੁਸੀਂ ਮੈਨੂੰ ਮੁਫਤ ਪੜ੍ਹਾ ਸਕਦੇ ਹੋ? ਮੈਂ ਨਾਨ-ਮੈਡੀਕਲ ਪੜ੍ਹਨਾ ਹੈ। ਮੈਂ ਤੁਹਾਨੂੰ ਕਦੇ ਵੀ ਨਿਰਾਸ਼ ਨਹੀਂ ਕਰਾਂਗਾ। ਮੈਂ ਮਿਹਨਤ ਕਰਾਂਗਾ, ਤੁਸੀਂ ਮੇਰੇ 'ਤੇ ਮਾਣ ਕਰਿਆ ਕਰੋਗੇ।"

ਮੈਂ ਕਿਹਾ, "ਤੇਰੇ ਜਿਹੇ ਬੱਚੇ ਦੀ ਤਾਂ ਅਸੀਂ ਦਿਲੋਂ ਕਦਰ ਕਰਦੇ ਹਾਂ। ਤੂੰ ਪੜ੍ਹਨ ਵਾਲਾ ਬਣ, ਅਸੀਂ ਤੇਰੇ ਨਾਲ ਨਾਲ ਰਹਾਂਗੇ।"

ਅਗਲੇ ਦਿਨ ਇੱਕ ਸਹਿਜ ਅਤੇ ਨਿਮਰ ਜਿਹੀ ਔਰਤ ਮਾਧੁਰੀ ਗੁਪਤਾ, ਆਪਣੇ ਇਸ ਬੇਟੇ ਨੂੰ +1 ਵਿੱਚ ਬਿਠਾ ਗਈ। ਛੇਤੀ ਹੀ ਇਸ ਬੱਚੇ ਨੇ ਆਪਣੀ ਪ੍ਰਤਿਭਾ ਦੀ ਪਹਿਚਾਣ ਕਰਵਾ ਦਿੱਤੀ। ਨਿਮਰ, ਆਗਿਆਕਾਰ ਅਤੇ ਹੁਸ਼ਿਆਰ ਹੋਣ ਕਾਰਨ ਉਹ ਸਟਾਫ ਵੱਲੋਂ ਵੀ ਪਿਆਰਿਆ/ਦੁਲਾਰਿਆ ਜਾਣ ਲੱਗਾ। ਇੱਕ ਦਿਨ ਸਕੂਲ ਵਿੱਚ, ਜਦੋਂ ਸਾਈਕਲ 'ਤੇ ਕਰਤਵ ਵਿਖਾਉਣ ਵਾਲਾ ਵਿਅਕਤੀ ਆਇਆ ਤਾਂ ਉਸਨੇ ਛੀਂਟਕੇ ਜਿਹੇ ਇਸ ਮੁੰਡੇ ਨੂੰ ਗੋਦ ਚੁੱਕ ਕੇ ਗੋਲ-ਦਾਇਰੇ ਵਿੱਚ ਸਾਈਕਲ ਨੂੰ ਹਵਾ ਬਣਾ ਦਿੱਤਾ। ਮੁੰਡਾ ਬਚਾਓ ਬਚਾਓ ਦੇ ਹੋਕਰੇ ਮਾਰਦਾ ਰਿਹਾ ਅਤੇ ਸਾਰੇ ਵਿਦਿਆਰਥੀ ਹੱਸਦੇ, ਲੋਟ ਪੋਟ ਹੁੰਦੇ, ਤਾੜੀ ਮਾਰਦੇ ਰਹੇ। ਉਹ +1 ਵਿੱਚੋਂ 88 ਫੀਸਦ ਅੰਕ ਲੈ ਕੇ ਪਾਸ ਹੋ ਗਿਆ। ਮਾਪੇ-ਮਿਲਣੀ ਦੀ ਕੋਈ ਵੀ ਮੀਟਿੰਗ ਨਾ ਛੱਡਣ ਵਾਲੀ ਉਸਦੀ ਮਾਂ ਨਵੰਬਰ 2006 ਵਿੱਚ ਮੇਰੇ ਦਫਤਰ ਆ ਗਈ। ਅੱਥਰੂਆਂ ਪਿੱਛੇ ਉਸਦੀ ਬੇਵਸੀ ਬੋਲੀ, "ਸਰ ਜੀ, ਮੇਰਾ ਬੇਟਾ ਪੜ੍ਹਨ ਵਾਲਾ ਹੈ, ਪਰ ਉਹ ਬਹੁਤ ਪ੍ਰੇਸ਼ਾਨ ਹੈ। ਸਾਡੇ ਘਰ ਦਾ ਮਾਹੌਲ ਠੀਕ ਨਹੀਂ ਹੈ। ਉਹ ਘਰ ਵਿੱਚ ਪੜ੍ਹ ਨਹੀਂ ਸਕਦਾ। ਇਸਦੇ ਹੱਲ ਲਈ ਮੈਂ ਤੁਹਾਡੇ ਕੋਲ ਆਈ ਹਾਂ।" ਉਸਦੀ ਇਸ ਵੇਦਨਾ ਉਪਰੰਤ ਇਸ ਵਿਦਿਆਰਥੀ ਨੂੰ ਮੁਫਤ ਰਿਹਾਇਸ਼ ਅਤੇ ਭੋਜਨ ਦੀ ਸਹੂਲਤ ਦਿੱਤੀ ਗਈ। ਅਗਲੇ ਹੀ ਦਿਨ ਇਹ ਵਿਦਿਆਰਥੀ ਆਪਣਾ ਬਿਸਤਰਾ ਲੈ ਕੇ ਹੋਸਟਲ ਵਿੱਚ ਆ ਗਿਆ।

ਉਸ ਸਮੇਂ ਸਾਡਾ ਖੇਡ-ਅਧਿਆਪਕ ਹੀ ਹੋਸਟਲ ਦਾ ਵਾਰਡਨ ਹੁੰਦਾ ਸੀ। ਸਖਤ ਸਰਦੀ ਵਾਲੇ ਜਨਵਰੀ 2007 ਦੇ ਇੱਕ ਦਿਨ ਜਦੋਂ ਮੈਂ ਵਾਰਡਨ ਤੋਂ ਹੋਸਟਲ ਦੀ ਰਿਪੋਰਟ ਲਈ ਤਾਂ ਉਸਨੇ ਦੱਸਿਆ, "ਰਾਤ ਨੂੰ 10 ਵਜੇ ਜਦੋਂ ਸਭ ਦੇ ਸੌਣ ਦਾ ਅਲਾਰਮ ਕਰਦਾ ਹਾਂ ਤਾਂ ਸੰਦੀਪ ਪੜ੍ਹਦਾ ਰਹਿੰਦਾ ਹੈ। ਇਸਨੇ ਛੋਟੇ ਜਿਹੇ ਟੇਬਲ ਲੈਂਪ ਦਾ ਪ੍ਰਬੰਧ ਕਰ ਲਿਆ ਹੈ। ਜਦੋਂ ਇਹ ਨੀਂਦ ਦਾ ਜ਼ੋਰ ਪੈਣ 'ਤੇ ਕਿਤਾਬ ਉੱਤੇ ਸਿਰ ਰੱਖ ਕੇ ਜਦੋਂ ਸੌਂ ਜਾਂਦਾ ਹੈ, ਮੈਂ ਇਸ ਨੂੰ ਚੁੱਕ ਕੇ ਬਿਸਤਰ ਵਿੱਚ ਲਿਟਾ ਦਿੰਦਾ ਹਾਂ। ਸਰ, ਇਹ ਆਪਣੇ-ਆਪ ਪ੍ਰਤੀ ਬਹੁਤ ਕਠੋਰ ਹੈ। ਜਦੋਂ ਇਸਦੀ ਅੱਖ ਖੁੱਲ੍ਹਦੀ ਹੈ, ਮੁੜ ਮੇਜ਼ 'ਤੇ ਜਾ ਕੇ ਪੜ੍ਹਨ ਲੱਗ ਜਾਂਦਾ ਹੈ।"

ਇਹ ਸੁਣ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਕੋਈ ਵਿਦਿਆਰਥੀ ਸਮਾਧੀ ਲਾਉਣ ਦੀ ਹੱਦ ਤਕ ਵੀ ਪੜ੍ਹ ਸਕਦਾ ਹੈ। ਜਦੋਂ +2 ਦਾ ਨਤੀਜਾ ਆਇਆ ਤਾਂ ਸੰਦੀਪ 84.4 ਫੀਸਦ ਅੰਕ ਲੈ ਕੇ ਆਪਣੀ ਕਲਾਸ ਵਿੱਚੋਂ ਦੂਜੇ ਨੰਬਰ 'ਤੇ ਆਇਆ ਅਤੇ ਉਸਨੇ ਗਣਿਤ ਵਿੱਚੋਂ 100/100 ਅੰਕ ਲਏ ਸਨ। ਨਤੀਜੇ ਉਪਰੰਤ ਜਦੋਂ ਉਹ ਮੇਰੇ ਦਫਤਰ ਆਇਆ ਤਾਂ ਸਵੈਮਾਣ ਨਾਲ ਭਰਿਆ ਪਿਆ ਸੀ। ਛੀਂਟਕੇ ਜਿਹੇ ਕੱਦ ਦਾ ਇਹ ਵਿਦਿਆਰਥੀ ਮੈਨੂੰ ਕੱਦਾਵਰ ਲੱਗਾ, ਜਿਸ ਵਿੱਚ ਫੈਲਣ ਦੀਆਂ ਸੰਭਾਵਨਾਵਾਂ ਸਨ। ਹੁਣ ਸ਼ਗਿਰਦ ਤੋਂ ਵਧ ਕੇ ਮੈਨੂੰ ਉਹ ਆਪਣਾ ਦੋਸਤ ਲੱਗਣ ਲੱਗਾ। ਜਦੋਂ ਮੈਂ ਆਪਣੇ-ਪਣ ਵਿੱਚੋਂ ਇਹ ਪੁੱਛਿਆ ਕਿ ਹੁਣ ਕੀ ਕਰਨਾ ਹੈ ਗੁਪਤਾ ਜੀ, ਤਾਂ ਉਸਨੇ ਕਿਹਾ, "ਗੁਪਤਾ ਜੀ ਪੜ੍ਹਾਈ ਤੋਂ ਸਿਵਾਏ ਕੁਝ ਨਹੀਂ ਕਰ ਸਕਦਾ। ਜੇਕਰ ਕੋਈ ਅੱਗੇ ਪੜ੍ਹਾ ਦੇਵੇਗਾ ਤਾਂ ਮੈਂ ਇੰਜਨੀਅਰਿੰਗ ਕਰ ਸਕਦਾ ਹਾਂ।"

ਉਸਦੇ ਕੋਲ ਖੜ੍ਹਿਆਂ ਹੀ ਮੈਂ ਨੇੜਲੇ ਇੰਜਨੀਅਰਿੰਗ ਕਾਲਜ ਦੀ ਚੇਅਰਪਰਸਨ ਨੂੰ ਫੋਨ ਕਰਕੇ ਵਿਦਿਆਰਥੀ ਦੀ ਇੱਛਾ ਅਤੇ ਉਸਦਾ ਅਕਾਦਮਿਕ ਇਤਿਹਾਸ ਦੱਸਿਆ। ਜਵਾਬ ਆਇਆ, "ਅਜਿਹਾ ਵਿਦਿਆਰਥੀ ਅਤੇ ਤੁਹਾਡੀ ਸਿਫਾਰਸ਼, ਸਾਡਾ ਧੰਨਭਾਗ, ਭੇਜ ਦਿਓ, ਡਿਗਰੀ ਕਰਵਾਵਾਂਗੀ ਅਤੇ ਇਸ ਨੂੰ ਕੋਈ ਪੈਸਾ ਵੀ ਨਹੀਂ ਦੇਣਾ ਪਵੇਗਾ।"

ਸੰਦੀਪ ਕਾਲਜ ਤੋਂ 20 ਕਿਲੋਮੀਟਰ ਦੂਰ, ਉਹ ਆਪਣੇ ਘਰ ਤੋਂ ਆਉਣ/ਜਾਣ ਕਰਦਾ ਰਿਹਾ। ਇੰਜਨੀਅਰਿੰਗ ਦੀ ਡਿਗਰੀ ਦੇ ਆਖਰੀ ਸਾਲ ਇੱਕ ਬਹੁ-ਕੌਮੀ ਕੰਪਨੀ ਨੇ ਉਸ ਨੂੰ ਅਪਣਾ ਲਿਆ। ਪਹਿਲਾਂ ਉਹ ਦੇਸ਼ ਦੇ ਮਹਾਂਨਗਰਾਂ ਵਿੱਚ ਸੇਵਾ ਨਿਭਾਉਂਦਾ ਰਿਹਾ ਅਤੇ ਫਿਰ ਕੰਪਨੀ ਉਸ ਨੂੰ ਅਮਰੀਕਾ ਲੈ ਗਈ। ਗਰੀਬ ਪਰਵਾਸੀ ਪਰਿਵਾਰ ਵਿੱਚ ਪੈਦਾ ਹੋਈ ਇਹ ਪ੍ਰਤਿਭਾ ਹੁਣ ਉੱਥੇ ਨਿਊਯਾਰਕ ਸ਼ਹਿਰ ਵਿੱਚ ਰਹਿ ਰਹੀ ਹੈ। ਮਿਹਨਤ ਨਾਲ ਉਸਨੇ ਆਪਣੀ ਕਾਇਆ ਕਲਪ ਹੀ ਨਹੀਂ ਕੀਤੀ, ਸਗੋਂ ਉਸਦੀ ਆਮਦਨ ਉਸਦੇ ਪਰਿਵਾਰ ਲਈ ਵੀ ਵਰਦਾਨ ਬਣੀ ਹੋਈ ਹੈ। ਉਸਦੀ ਵਿਚਾਰਗੀ ਵਿੱਚ ਜਿਊਂਦੀ ਆਈ ਮਾਂ ਦੇ ਚਿਹਰੇ 'ਤੇ ਨੂਰ ਨੇ ਦਸਤਕ ਦਿੱਤੀ ਹੋਈ ਹੈ ਅਤੇ ਉਸ ਨੂੰ ਸਮਾਨ-ਸਿੱਖਿਆ ਪ੍ਰਾਪਤ ਅਤੇ ਬਾ-ਰੁਜ਼ਗਾਰ ਪਤਨੀ ਮਿਲੀ ਗਈ ਹੈ।

ਵਾਪਸੀ ਸਮੇਂ ਮੈਂ ਇਸ ਜੋੜੀ ਅਤੇ ਪਰਿਵਾਰ ਨੂੰ ਵੇਖਕੇ ਮਾਣ ਨਾਲ ਭਰ ਗਿਆ। ਜੋੜੀ ਨੂੰ ਕਲਾਵੇ ਵਿੱਚ ਲੈ ਕੇ ਮੈਂ ਫੋਟੋ ਖਿਚਵਾਈ ਅਤੇ ਢੇਰ ਸਾਰੀਆਂ ਅਸੀਸਾਂ ਦੇ ਕੇ ਵਿਦਾਈ ਲਈ।

## ਬਾਬਾ ਵਾਪਸ ਆ ਗਿਆ

ਪੰਨਾ 9 ਤੋਂ ਅੱਗੇ

ਪਿਓ ਨਿਰਮਲ ਨੂੰ ਧੰਨਵਾਦ ਕਰਨ ਲੱਗ ਪਿਆ। ਨਿਰਮਲ ਨੇ ਉਸ ਦੀ ਮਦਦ ਕੀਤੀ ਉਸ ਦੇ ਪੁੱਤਰ ਨੂੰ ਟਾਇਰ ਵਿੱਚੋਂ ਕੱਢਣ ਦੀ। ਹਾਰ ਕੇ ਕੱਢ ਦਿੱਤਾ। ਬੰਦਾ ਹਾਲੇ ਵੀ ਚਿੱਲਾਉਂਦਾ ਸੀ। ਪਰ ਨਿਰਮਲ ਨੇ ਉਸ ਨੂੰ ਧਿਆਨ ਨਹੀਂ ਦਿੱਤਾ। ਹੋਰ ਲੋਕ ਹੁਣ ਖਿਸਕ ਗਏ ਸੀ, ਖਬਰੇ ਪੁਲਿਸ ਨੂੰ ਲਿਆਉਣ। ਨਿਰਮਲ ਦਾ ਧਿਆਨ ਇਸ ਵੇਲੇ ਪਿਓ ਉੱਤੇ ਸੀ। ਸਾਫ਼ ਦਿਸਦਾ ਸੀ ਕਿ ਪਿਓ ਨੇ ਵੀ ਜ਼ਬਰਦਸਤ ਕੁੱਟ ਖਾਧੀ ਸੀ। ਉਸ ਦੇ ਲੀੜੇ ਲਿਬੜੇ ਸਨ, ਕੇਸ ਗੰਦੇ ਸਨ ਅਤੇ ਪਿੱਠ ਪਿੱਛੇ ਖਿਸਕਦੇ ਸਨ। ਲਾਬਾਂਹ ਬੰਦਾ ਹੁਣ ਧਰਤੀ ਉੱਤੇ ਡਿੱਗ ਗਿਆ ਅਤੇ ਹਿਸਟੀਰੀਕਲ ਅਤੇ ਸ਼ੁਦਾਈ ਹੋ ਗਿਆ। ਹੁਣ ਨਿਰਮਲ ਆਲੇ ਦੁਆਲੇ ਵੇਖਣ ਲਗਾ। ਕਈ ਘਰਾਂ ਨੂੰ ਲੋਕਾਂ ਨੇ ਅੱਗ ਲਾ ਦਿੱਤੀ ਸੀ, ਕਈ ਗੱਡੀਆਂ ਨੂੰ ਵੀ। ਹਰ ਪਾਸੇ ਇਮਾਰਤਾਂ ਦੀਆਂ ਬਾਰੀਆਂ ਭੰਨੀਆ ਸਨ। ਲਾਬਾਂਹ ਬੰਦਾ ਹੁਣ ਬੇਹੋਸ਼ ਹੋ ਚੁੱਕਾ ਸੀ। ਨਿਰਮਲ ਨੇ ਧਰਤੀ ਉੱਤੇ ਜਿੱਥੇ ਉਸ ਬੰਦੇ ਦੀ ਕੱਟੀ ਹੋਈ ਬਾਂਹ ਪਈ ਸੀ ਵੱਲ ਝਾਕਿਆ। ਬਾਂਹ ਵਿੱਚੋਂ ਸੀਰ ਫੁੱਟ ਕੇ ਮਿੱਟੀ ਵਿੱਚ ਭਿਓ ਕੇ ਨੇੜਲੇ ਤੇਲ ( ਜੋ ਟਾਇਰ ਅਤੇ ਮੁੰਡੇ ਤੋਂ ਧਰਤੀ ਵਿੱਚ ਚੋ ਕੇ ਚਲੇ ਗਿਆ ਸੀ) ਨਾਲ਼ ਲਹੂ ਰਲ ਗਿਆ ਸੀ। ਵੇਖਣ ਵਿੱਚ ਹੋਲੀ ਦਾ ਰੰਗ ਸੀ। ਦੁਲਹਨ ਦਾ ਰੰਗ ਸੀ। ਗ਼ੁੱਸੇ ਦਾ ਰੰਗ ਸੀ।

ਇਹ ਸਭ ਕੁੱਝ ਬੀਤ ਰਿਹਾ ਸੀ, ਜਦ ਇੱਕ ਆਦਮੀ ਨਿਰਮਲ ਵੱਲ ਆ ਵੱਧਿਆ। ਹੋਰ ਵੀ ਜਨਤਾ ਆਸ ਪਾਸ ਸੀ। ਬੰਦਾ ਹਿੰਦੂ ਸੀ। ਇਸ ਕਰਕੇ ਨਿਰਮਲ ਦਾ ਪਹਿਲਾਂ ਪ੍ਰਤਿਕਰਮ ਸੀ ਕਿਰਪਾਨ ਨੂੰ ਉੱਚੀ ਕਰ ਕੇ ਮੂੰਹ ਤੋੜਣਾ। ਜਦ ਬਾਂਹ ਉੱਚੀ ਕੀਤੀ, ਨਿਰਮਲ ਦਾ ਕੜਾ ਸਾਫ਼ ਦਿਸਣ ਲਗ ਪਿਆ। ਹੁਣ ਦੋ ਕੁ ਹੋਰ ਹਿੰਦੂ ਆ ਖਲੋਏ।

- ਪਰ੍ਹੇ ਰਹੋ!- ਨਿਰਮਲ ਨੇ ਤੰਬੀਹ ਦਿੱਤੀ। ਜ਼ਬਰਦਸਤੀ ਨਾਲ਼ ਉਨ੍ਹਾਂ ਵੱਲ ਤਾੜਦਾ ਸੀ।

- ਤੁਮ ਸਿੱਖ ਹੈ?-

- ਆਹੋ!-।

- ਦੇਖ ਤੁਮ ਕੋ ਵਾਸਪ ਆ ਕੇ ਮਾਰ ਡਾਲੋਗੇ! ਦੇਖ ਤਮ ਇਸ ਕੋ ਕਿਆ ਕੀਤਾ! ਹਮ ਨਾਲ ਆਓ!-। ਬੰਦਿਆਂ ਨੇ ਪਿਓ ਪੁੱਤ ਦੀ ਮਦਦ ਕੀਤੀ ਧਰਤੀ ਤੋਂ ਪੱਗਾਂ ਚੁਕਣ ਦੀ ਅਤੇ ਬੋਲਣ ਵਾਲੇ ਨੇ ਅਰਾਮ ਨਾਲ ਨਿਰਮਲ ਦੀ ਕਿਰਪਾਨ ਵਾਲੀ ਬਾਂਹ ਥੱਲੇ ਕੀਤੀ। ਇੱਕ ਦੂਜੇ ਦੀਆਂ ਅੱਖਾਂ ਵਿੱਚ ਗਹੁ ਨਾਲ ਦੇਖ ਰਹੇ ਸਨ।

- ਹਮਾਰੀ ਮਦਦ ਕਰਨਗੇ?- ਨਿਰਮਲ ਨੇ ਆਖਿਆ।

- ਹਾਂ-। ਤਿੰਨਾਂ ਨੂੰ ਸੜਕ ਤੋਂ ਲੈ ਗਏ ਲਾਗੇ ਮਕਾਨਾਂ ਵੱਲ। ਉਨ੍ਹਾਂ ਵਿੱਚੋਂ ਲੰਘ ਕੇ ਪਿੱਛੇ ਗਏ, ਫੇਰ ਗ਼ਲੀ ਰਾਹੀਂ। ਦੂਰੋਂ ਨਿਰਮਲ ਨੂੰ ਭੀੜ ਦੀ ਆਵਾਜ਼ ਸੁਣਦੀ ਸੀ; ਇੱਕ ਗ਼ੁੱਸਾ ਟਿੱਡੀ ਦਲ।

- ਅੱਜ ਤਰੀਕ ਕਿਤਣੀ ਹੈ?- ਨਿਰਮਲ ਨੇ ਪੁੱਛਿਆ।

- ਜੀ, ਅੱਜ ਦੋ ਨਵੰਬਰ ਹੈ-। ਸਵਾਲ ਦਾ ਜਵਾਬ ਆਇਆ।

- ਦੋ ਨਵੰਬਰ?-

- ਜੀ -

ਡਰ ਨਾਲ਼ ਪਾਣੀ ਨਿਕਲਨ ਲਗ ਪਿਆ। ਅੱਜ ਉਹੀ ਦਿਨ ਸੀ। ਉਹ ਦਿਨ। ਹੁਣ ਬਾਬਾ ਕਿੱਥੇ ਸੀ? ਉਸ ਦਾ ਡਰ ਹਿੰਦੂ ਬੰਦੇ ਨੂੰ ਮਹਿਸੂਸ ਹੋ ਗਿਆ ਸੀ।

- ਫਿਕਰ ਨਾ ਕਰੋ! ਤੁਮ ਕੋ ਇਸ ਥਾਂ ਪਰ ਨਿਕਾਲ...।

- ਨਹੀਂ ਜੀ। ਹਮ ਬਹੁਤ ਮਹਿਰਬਾਨ ਹੂੰ ਕਿ ਤੁਮ ਲੋਗ ਹਮਾਰੀ ਮਦਦ ਕਰ ਰਹੇ ਹੋ। ਇਹ ਬਾਤ ਨਹੀਂ ਹੈ-।

- ਫਿਰ?-

- ਅੱਜ ਹਮਾਰਾ ਬਾਬਾ ਕਤਲ ਹੂਆ ਥਾ-

- ਥਾ?- । ਪਰ ਨਿਰਮਲ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ। ਸਗੋਂ ਹੋਰ ਸਵਾਲ ਆਖਿਆ।

- ਹਮ ਕਿਸ ਇਲਾਕੇ ਮੇ ਹੂੰ?-

- ਮੰਗੋਲਪੁਰੀ-। ਇਸ ਜਵਾਬ ਸੁਣ ਕੇ ਨਿਰਮਲ ਦੀਆਂ ਲੱਤਾਂ ਕੰਬਣ ਲਗ ਪਈਆਂ। ਨੇੜੇ ਤੇੜੇ ਕਿੱਥੇ ਬਾਬਾ ਸੀ, ਲੋਕਾਂ ਨੂੰ ਬਚਾਉਂਦਾ! ਨਿਰਮਲ ਨੇ ਸੋਚਿਆ, - ਹੁਣ ਮੇਰੇ ਮਗਰ ਬਾਬਾ ਦੀ ਤਸਵੀਰ ਕਿਉਂ ਨਹੀਂ ਆਈ? ਹੋ ਸਕਦਾ ਅਸਲੀ ਬਾਬਾ ਇਸ ਹੀ ਵੇਲੇ...-।

ਨਿਰਪਲ ਨੂੰ ਬਿਧ ਨੇ ਓਹੀ ਸੜਕ ਉੱਤੇ ਲੈ ਆਈ, ਜਿੱਥੇ ਉਸ ਨੂੰ ਪਤਾ ਸੀ ਬਾਬੇ ਨੇ ਆਖਰੀ ਸਾਹ ਲਿਤੇ ਸਨ। ਮੂੰਹ ਤੋਂ ਪੂੱਛਲ ਤੱਕ ਸੜਕ ਦੀ ਲੰਮਾਈ ਤੱਕੀ। ਜਿੱਥੇ ਸੜਕ ਸ਼ੁਰੂ ਹੁੰਦੀ, ਉੱਥੇ ਹੀ ਦੰਗਈ ਸੀ, ਕਿਸੇ ਦੇ ਆਲ਼ੇ ਦੁਆਲ਼ੇ ਲੁਪੇਟਿਆ। ਟੋਲੇ ਦੇ ਕੋਈ ਕੋਈ ਪਿੱਛੇ ਹੋ ਗਏ ਸਨ ਕਿਉਂਕਿ ਜਿਸ ਉੱਤੇ ਘੇਰਾ ਪਾਇਆ ਸੀ, ਉਸ ਦੀ ਕਿਰਪਾਨ ਦੀ ਨੋਕ ਮਾਸ ਟੁਕਣ ਲੱਭ ਰਹੀ ਸੀ। ਜਦ ਜਨਤਾ ਵਿੱਚ ਬਿਲਡ ਹੋਈ, ਉਨ੍ਹਾਂ ਗੱਭੇ ਲੜਦਾ ਖੜ੍ਹਾ ਸੀ, ਕਿਰਪਾਨ ਝੁਲਾਉਂਦਾ।

(ਚਲਦਾ)

# ਹੱਕ ਜਿਨ੍ਹਾਂ ਦੇ ਆਪਣੇ



ਡਾ. ਪ੍ਰਵੀਨ ਬੇਗਮ

ਹਾਲੇ ਬਾਰ੍ਹਵੀਂ ਜਮਾਤ ਦੇ ਪੱਕੇ ਪੇਪਰ ਸ਼ੁਰੂ ਹੋਣ ਵਿੱਚ ਹਫ਼ਤਾ ਕੁ ਬਾਕੀ ਸੀ ਕਿ ਮੈਂ ਕੈਰੀਅਰ ਗਾਈਡੈਂਸ ਦੀ ਇੰਚਾਰਜ ਹੋਣ ਦੇ ਨਾਤੇ ਵਿਦਿਆਰਥੀਆਂ ਨੂੰ ਉਹਨਾਂ ਦੀ ਭਵਿੱਖ ਦੀ ਪਲਾਨਿੰਗ ਬਾਰੇ ਪੁੱਛਿਆ। ਬਹੁਤਿਆਂ ਨੇ ਕਿਹਾ, "ਜੀ, ਪਤਾ ਨਹੀਂ ਹਾਲੇ।" ਕਈ ਬੱਚਿਆਂ ਨੇ ਕੱਚੇ-ਪੱਕੇ ਜਿਹੇ ਅਣਸਰਦੇ ਜਵਾਬ ਦਿੱਤੇ। ਮੁੰਡਿਆਂ ਵਿੱਚੋਂ ਕਈਆਂ ਨੇ ਬਾਹਰ ਜਾਣ ਦੀ ਇੱਛਾ ਪ੍ਰਗਟਾਈ। ਸਾਰੇ ਹੀ ਵਿਦਿਆਰਥੀ ਘੁਸਰ-ਮੁਸਰ ਕਰਦੇ, ਹੱਸਦੇ-ਹਸਾਉਂਦੇ ਵੱਖੋ-ਵੱਖਰੀ ਤਰ੍ਹਾਂ ਦੀ ਜਵਾਬਤਲਬੀ ਕਰ ਰਹੇ ਸਨ। ਅਚਾਨਕ ਮੇਰੀ ਨਜ਼ਰ ਚੁੱਪ-ਚਾਪ ਇੱਕ ਖੂੰਜੇ ਲੱਗੀ ਬੈਠੀ ਬੇਹੱਦ ਹੀ ਹੁਸ਼ਿਆਰ ਕੁੜੀ ਪਵਨਦੀਪ 'ਤੇ ਪਈ। ਉਹ ਚੁੱਪ-ਚਾਪ ਤੇ ਉਦਾਸ ਜਿਹੀ ਬੈਠੀ ਪਤਾ ਨਹੀਂ ਕੀ ਸੋਚ ਰਹੀ ਸੀ। ਮੈਂ ਉਸ ਨੂੰ ਬੁਲਾ ਕੇ ਉਸਦੀਆਂ ਸੋਚਾਂ ਦੀ ਤਾਰ ਤੋੜੀ ਅਤੇ ਉਸ ਤੋਂ ਅਗਾਂਹ ਭਵਿੱਖ ਬਾਰੇ ਪੁੱਛਿਆ। ਉਸ ਮੁਸਕਰਾਉਂਦੀ ਹੋਈ ਨੇ ਅੱਖਾਂ ਭਰ ਕੇ ਕਿਹਾ, "ਨਾ ਜੀ, ਘਰਦਿਆਂ ਨੇ ਅੱਗੇ ਪੜ੍ਹਨ ਨਹੀਂ ਲਾਉਣਾ, ਕਹਿੰਦੇ ਜ਼ਮਾਨਾ ਬਹੁਤ ਮਾੜਾ ..."

ਮੈਂ ਹੈਰਾਨ ਹੋ ਕੇ ਕਿਹਾ, "ਪੁੱਤ ਜ਼ਮਾਨਾ ਤਾਂ ਕਦੇ ਵੀ ਠੀਕ ਨਹੀਂ ਰਿਹਾ, ਇਸ ਨੂੰ ਤਾਂ ਅਸੀਂ ਆਪਣੇ ਪੈਰੀਂ-ਸਿਰੀਂ ਹੋ ਕੇ ਹੀ ਠੀਕ ਕਰ ਸਕਦੇ ਆਂ।" ਇਸਦਾ ਉਹ ਕੋਈ ਜਵਾਬ ਨਾ ਦੇ ਸਕੀ। ਮੈਂ ਉਸ ਨੂੰ ਕਿਹਾ, "ਤੂੰ ਮੈਨੂੰ ਅੱਧੀ ਛੁੱਟੀ ਵੇਲੇ ਮਿਲੀਂ ਆਣ ਕੇ।" ਉਸਨੇ 'ਹਾਂ' ਵਿੱਚ ਸਿਰ ਹਿਲਾਇਆ ਤੇ ਜਿਉਂ ਹੀ ਅਗਲੇ ਪੀਰੀਅਡ ਦੀ ਘੰਟੀ ਵੱਜੀ, ਮੈਂ ਉਸ ਕਲਾਸ ਵਿੱਚੋਂ ਬਾਹਰ ਜਾ ਧੁੱਪੇ ਗਰਾਊਂਡ ਵਿੱਚ ਬੈਠ ਗਈ, ਕਿਉਂਕਿ ਪੀਰੀਅਡ ਖਾਲੀ ਸੀ।

ਚੁੱਪ-ਚਾਪ ਬੈਠੀ ਮੈਂ ਪਵਨਦੀਪ ਦੇ ਮਜਬੂਰ ਜਿਹੇ ਚਿਹਰੇ ਬਾਰੇ ਸੋਚਦੀ-ਸੋਚਦੀ ਡੇਢ ਕੁ ਦਹਾਕੇ ਪਹਿਲਾਂ ਦੀ ਆਪਣੀ ਬਾਰ੍ਹਵੀਂ ਜਮਾਤ ਤੋਂ ਬਾਦ ਦੀ ਸਥਿਤੀ ਵਿੱਚ ਗੁਆਚ ਗਈ। ਹਾਏ! ਕਿੰਨਾ ਰੋ-ਰੋ ਕੇ ਮੈਂ ਕਾਲਜ ਲੱਗੀ ਸੀ ਬੀ.ਏ. ਕਰਨ। ਤਾਇਆਂ-ਚਾਚਿਆਂ, ਰਿਸ਼ਤੇਦਾਰਾਂ ਨੇ ਪਤਾ ਨਹੀਂ ਕੀ ਕੁਝ ਕਿਹਾ - ਕਾਲਜ ਜਾ ਕੇ ਕੁੜੀਆਂ ਵਿਗੜ ਜਾਂਦੀਆਂ ਨੇ। ਸਮੇਂ ਚੰਗੇ ਨਹੀਂ ਹੁਣ। ਇਸਦਾ ਵਿਆਹ ਕਦੋਂ ਕਰਨਾ ਫਿਰ, ਕੁੜੀਆਂ ਚਿੜੀਆਂ ਨੂੰ ਨੱਥ ਪਾ ਕੇ ਹੀ ਰੱਖਣੀ ਚਾਹੀਦੀ ਹੈ, ਹੋਰ ਪਤਾ ਨਹੀਂ ਕੀ-ਕੀ। ਮੈਂ ਵੀ ਆਪਣੇ ਆਪ ਨੂੰ ਬਹੁਤ ਮਜਬੂਰ ਤੇ ਲਾਚਾਰ ਪਾਇਆ ਸੀ ਉਸ ਸਮੇਂ। ਪਰ ਮੇਰੇ ਪਿਤਾ ਜੀ ਨੇ ਹੱਲਾਸ਼ੇਰੀ ਦਿੱਤੀ ਤੇ ਮੈਂ ਕੁੜੀਆਂ ਵਾਲੇ ਕਾਲਜ ਨਾਭੇ ਜਾ ਦਾਖਲਾ ਲਿਆ।

ਮੈਨੂੰ ਸਾਲ ਬਾਅਦ ਹੀ ਉਸ ਕਾਲਜ ਦਾ ਮਾਹੌਲ ਕੁਝ ਘੁਟਨ ਭਰਿਆ ਲੱਗਾ। ਅਗਲੇ ਸਾਲ ਮੈਂ ਮੁੰਡੇ-ਕੁੜੀਆਂ ਵਾਲੇ ਕਾਲਜ ਲੱਗਣ ਦੀ ਗੱਲ ਕੀਤੀ ਤਾਂ ਪਰਿਵਾਰ ਵੱਲੋਂ ਫਿਰ ਉਹੀ ਹੰਗਾਮਾ। ਫਿਰ ਮੇਰੇ ਪਿਤਾ ਜੀ ਦੀ ਹਮਾਇਤ ਸਦਕਾ ਮੈਂ ਸਰਕਾਰੀ ਰਿਪੁਦਮਨ ਕਾਲਜ ਵਿੱਚ ਦਾਖਲਾ ਲੈ ਹੀ ਲਿਆ। ਰਿਸ਼ਤੇਦਾਰਾਂ ਅਤੇ ਘਰਦਿਆਂ ਦਾ ਉਹੀ ਰੌਲਾ - ਹੁਣ ਤਾਂ ਮੁੰਡਿਆਂ ਵਾਲੇ ਕਾਲਜ ਚਲੀ ਗਈ, ਹੁਣ ਤਾਂ ਜਮਾਂ ਹੀ ਬਿਰਾਦਰੀ ਵਿੱਚ ਮੂੰਹ ਨੀ ਦਿਖਾਇਆ ਜਾਣਾ।

ਘਰੋਂ ਜਦੋਂ ਤਿਆਰ-ਬਿਆਰ ਹੋ ਕੇ ਮੈਂ ਪਿੰਡ ਦੇ ਅੱਡੇ ਤੋਂ ਬੱਸ ਚੜ੍ਹਨ ਲਈ ਜਾਣਾ ਤਾਂ ਪਿੰਡਾਂ ਦੀਆਂ ਕੀ ਬੁੜ੍ਹੀਆਂ ਤੇ ਕੀ ਜਨਾਨੀਆਂ ਨੇ, ਸਭ ਨੇ ਮੂੰਹ ਨਾਲ ਮੂੰਹ ਜੋੜ ਕੇ ਗੱਲਾਂ ਕਰਨੀਆਂ, "ਲੈ ਇਹਨੂੰ ਦੇਖੋ, ਕਿਸੇ ਦੀ ਕੋਈ ਸੰਗ-ਸ਼ਰਮ ਨਹੀਂ। ਨਿੱਤ ਬੱਸਾਂ ਚੜ੍ਹਦੀ ਆ, ਮੁੰਡਿਆਂ ਵਾਲੇ ਕਾਲਜ ਜਾਂਦੀ ਆ।"

ਸੱਚੀਂ ਕਦੀ-ਕਦੀ ਤਾਂ ਇਹ ਗੱਲਾਂ ਮੈਨੂੰ ਤੋੜ ਦਿੰਦੀਆਂ ਧੁਰ ਅੰਦਰ ਤਕ ਪਰ ਫਿਰ ਪਿਤਾ ਜੀ ਬਿਠਾ ਕੇ ਸਮਝਾਉਂਦੇ, "ਦੇਖ, ਮੈਂ ਤੇਰੇ ਨਾਲ ਹਾਂ, ਬੋਲੀ ਜਾਣ ਦੇ ਲੋਕਾਂ ਨੂੰ ਜੋ ਬੋਲਦੇ ਨੇ ...।"

ਪਿਤਾ ਜੀ ਦੀਆਂ ਇਹ ਹੱਲਾਸ਼ੇਰੀਆਂ ਸੱਚੀਂ ਭਾਂਬੜ ਵਾਂਗ ਕੰਮ ਕਰਦੀਆਂ। ਨਤੀਜਾ, ਬੀ.ਏ. ਵਿੱਚੋਂ ਕਾਲਜ ਵਿੱਚੋਂ ਮੈਂ ਪਹਿਲੇ ਸਥਾਨ 'ਤੇ, ਯੂਨੀਵਰਸਿਟੀ ਵਿੱਚੋਂ ਵੀ ਪੁਜ਼ੀਸ਼ਨ। ਫਿਰ ਇਵੇਂ ਹੀ ਐੱਮ.ਏ. ਸਮੇਂ ਹੋਇਆ। ਫਿਰ ਕਾਲਜ ਵਿੱਚ ਟਾਪ 'ਤੇ, ਭੀੜਾਂ ਦੇ ਰੌਲੇ ਨੂੰ ਮੈਂ ਕਦੇ ਗੌਲਿਆ ਹੀ ਨਾ।

ਗੱਲ ਜਦੋਂ ਯੂਨੀਵਰਸਿਟੀ ਜਾਣ ਦੀ ਹੋਈ ਤਾਂ ਮੇਰੀ ਪਿੱਠ ਪਿੱਛੇ ਫਿਰ ਉਹੀ ਹੰਗਾਮਾ, ਫਿਰ ਉਹੀ ਗਲੀਆਂ-ਸੜੀਆਂ ਮਨਾਹੀਆਂ ਤੇ ਵਲਗਣਾਂ, ਸਮਾਜ ਦੀ ਪਿਛਾਂਹ-ਖਿੱਚੂ ਬਿਰਤੀ। ਪਰ ਮੈਂ ਨਾ ਉਦਾਸ ਹੋਈ, ਨਾ ਨਿਰਾਸ਼। ਕਿਉਂਕਿ ਮੇਰੇ ਮੂਹਰੇ ਸਮਾਜ ਨੂੰ ਜਵਾਬ ਦੇਣ ਲਈ ਪਿਤਾ ਜੀ ਕਿਸੇ ਢਾਲ਼ ਵਾਂਗ ਖੜ੍ਹੇ ਸੀ। ਕਈ ਵਾਰੀ ਸਮਾਜ ਦੇ ਬੋਲ-ਕੁਬੋਲ ਸੁਣ ਉਹ ਵੀ ਉਦਾਸ ਹੋ ਜਾਂਦੇ। ਪਰ ਮੇਰੇ ਸਾਹਮਣੇ ਉਹਨਾਂ ਨੇ ਕਦੀ ਇਸ ਗੱਲ ਨੂੰ ਚਿਤਾਰਿਆ ਹੀ ਨਹੀਂ ਸੀ। ਫਿਰ ਪਿਤਾ ਜੀ ਤੋਂ ਪੈਸੇ ਲੈ ਮੈਂ ਐੱਮ.ਫਿਲ ਵਿੱਚ ਪੰਜਾਬੀ ਯੂਨੀਵਰਸਿਟੀ ਵਿਖੇ ਜਾ ਦਾਖਲਾ ਲਿਆ ਤੇ ਇੱਥੋਂ ਹੀ ਸ਼ੁਰੂਆਤ ਹੋਈ ਉਸ ਸੰਘਰਸ਼ ਦੀ, ਜਿਸਨੇ ਅੱਜ ਮੈਨੂੰ ਪੈਰਾਂ 'ਤੇ ਖੜ੍ਹਨ ਜੋਗੀ ਕੀਤਾ।

ਇਸੇ ਦੌਰਾਨ ਹੀ ਬੀ.ਐੱਡ ਸਰਕਾਰੀ ਕਾਲਜ ਮਲੇਰਕੋਟਲਾ ਤੋਂ ਕੀਤੀ। ਬਾਦ ਵਿੱਚ ਬਹੁਤ ਹੀ ਮਿਹਰਬਾਨ, ਜ਼ਿੰਦਗੀ ਨੂੰ ਗਾਈਡ ਕਰਨ ਵਾਲੇ ਗਾਈਡ ਡਾ. ਦਿਲਬੀਰ ਕੌਰ ਬਾਜਵਾ ਜੀ ਕੋਲ ਪੀ.ਐੱਚ.ਡੀ. ਦੀ ਰਜਿਸਟ੍ਰੇਸ਼ਨ ਕਰਵਾ ਲਈ। ਜਦੋਂ ਰਿਸ਼ਤੇਦਾਰਾਂ ਤੇ ਸ਼ਰੀਕੇ-ਕਬੀਲੇ ਨੂੰ ਪਤਾ ਚੱਲਿਆ, ਉਹਨਾਂ ਦਾ ਫਿਰ ਉਹੀ ਕਾਟੋ-ਕਲੇਸ਼ - "ਹੁਣ ਤਾਂ ਇਹ ਜਮਾਂ ਹੀ ਹੱਥਾਂ ਵਿੱਚੋਂ ਨਿਕਲ ਗਈ ਏ। ਦੇਖ ਲਿਓ, ਹੁਣ ਨੀ ਇਹਨੇ ਕਿਸੇ ਪਾਸੇ ਜੋਗੀ ਰਹਿਣਾ। ਹੁਣ ਵਿਆਹ ਕੀ ਬੁੜ੍ਹੀ ਹੋਈ ਕਰਵਾਏਗੀ? ਸ਼ਰਮ ਨਹੀਂ ਆਉਂਦੀ, ਨਾ ਇਸ ਨੂੰ, ਨਾ ਇਸਦੇ ਬਾਪ ਨੂੰ, ਜਿਹੜੇ ਸ਼ਰੀਅਤ ਦੇ ਬਾਹਰ ਦੇ ਕੰਮ ਕਰਦੇ ਨੇ। ਖੌਰੇ ਕਿਹੜੀ ਜਾਤ-ਕੁਜਾਤ ਵਿੱਚ ਵਿਆਹ ਕਰਵਾਏਗੀ ਹੁਣ?"

ਮੁਸਲਿਮ ਸਮਾਜ ਤੋਂ ਹੋਣ ਕਰਕੇ ਮੈਨੂੰ ਬਹੁਤ ਹੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਅਸੀਂ ਮੁਸਲਿਮ ਸਮਾਜ ਵਿੱਚ ਔਰਤਾਂ ਦੀ ਸਿੱਖਿਆ ਤੋਂ ਸਾਰੇ ਹੀ ਭਲੀ-ਭਾਂਤ ਜਾਣੂ ਹਾਂ। ਮਿੰਟਾਂ ਵਿੱਚ ਹੀ ਤਗਮਾ ਦੇ ਦਿੰਦੇ ਨੇ ਉਹ ਲੋਕ, ਜਿਹਨਾਂ ਨੇ ਕਦੇ ਸਕੂਲਾਂ ਦਾ ਮੂੰਹ ਤਕ ਨਹੀਂ ਦੇਖਿਆ ਹੁੰਦਾ। ਖੈਰ, ਮੇਰੀ ਪੀ.ਐੱਚ.ਡੀ. ਹੋਣ ਉਪਰੰਤ ਹੀ ਮੈਨੂੰ ਬਤੌਰ ਲੈਕਚਰਾਰ ਰਾਜਨੀਤੀ ਸ਼ਾਸਤਰ, ਸਰਕਾਰੀ ਨੌਕਰੀ ਵੀ ਮਿਲ ਗਈ। ਮੈਂ ਭਾਗਾਂ ਵਾਲੀ ਸਮਝਦੀ ਹਾਂ ਆਪਣੇ ਆਪ ਨੂੰ ਕਿ ਮੈਂ ਸਮਾਜ ਦੀਆਂ ਗਲੀਆਂ-ਸੜੀਆਂ ਰੀਤਾਂ ਅਤੇ ਵਿਵਹਾਰ ਖਿਲਾਫ਼ ਵਿਦਰੋਹ ਕਰ ਇੱਥੇ ਤਕ ਪਹੁੰਚੀ। ਮੈਨੂੰ ਭੋਰਾ ਅਫ਼ਸੋਸ ਨਹੀਂ ਹੁੰਦਾ ਕਿ ਮੈਂ ਰਿਸ਼ਤੇਦਾਰੀਆਂ ਛੱਡੀਆਂ, ਆਂਢ-ਗੁਆਂਢ ਛੱਡਿਆ, ਪਰ ਮੈਨੂੰ ਵਿਦਰੋਹੀ ਹੋ ਰੀਤਾਂ-ਰਿਵਾਜ਼ਾਂ ਖਿਲਾਫ਼ ਲੜਨ ਦੀ ਜੋ ਕੀਮਤ ਮਿਲੀ 'ਸੱਚੀ' ਹਜ਼ਾਰ ਗੁਣਾ ਸੁਹਾਵਣੀ ਏ। ਮਹਿਸੂਸ ਹੁੰਦਾ ਏ ਕਿ ਕਈ ਵਾਰ ਆਪਣਿਆਂ ਤੋਂ ਹੀ ਲੜ ਕੇ ਹੱਕ ਖੋਹਣੇ ਪੈਂਦੇ ਨੇ ਤਾਂ ਜੋ ਤਰੋਤਾਜ਼ਾ ਹੋ ਖੂਬਸੂਰਤ ਜ਼ਿੰਦਗੀ ਨੂੰ ਰੰਗਾਂ ਨਾਲ ਮਾਣਿਆ ਜਾ ਸਕੇ। ਨਹੀਂ ਤਾਂ ਪਤਾ ਨਹੀਂ ਸਾਡਾ ਅਖੌਤੀ ਸਮਾਜ ਕਿੰਨੀਆਂ ਕੁ ਕੁੜੀਆਂ ਨੂੰ ਬੇਰੰਗ ਜ਼ਿੰਦਗੀ ਭੇਟ ਕਰ ਦਿੰਦਾ ਏ।

ਅਗਲੇ ਪੀਰੀਅਡ ਦੀ ਘੰਟੀ ਵੱਜੀ ਤਾਂ ਮੇਰੀ ਸੋਚਾਂ ਦੀ ਲੜੀ ਟੁੱਟੀ। ਮੇਰੇ ਜ਼ਿਹਨ ਵਿੱਚ ਆਇਆ ਕਿ ਮੈਂ ਪਵਨਦੀਪ ਨੂੰ ਸਮਝਾਵਾਂ, "ਪੁੱਤ! ਹੱਕ ਕਈ ਵਾਰ ਆਪਣੇ ਆਪ ਨਹੀਂ ਮਿਲਦੇ, ਖੋਹਣੇ ਪੈਂਦੇ ਨੇ ਆਪਣਿਆਂ ਤੋਂ ਹੀ, ਜ਼ਿੰਦਗੀ ਨੂੰ ਸਾਜ਼ਗਾਰ ਬਣਾਉਣ ਲਈ। ਜ਼ਮਾਨੇ ਨੇ, ਸਮਾਜ ਨੇ, ਤਾਂ ਰੰਗ ਦਿਖਾਉਣੇ ਹੀ ਹੁੰਦੇ ਨੇ। ਜੇਕਰ ਹੁਣ ਤੁਸੀਂ ਆਪਣੇ ਹੱਕਾਂ ਲਈ ਨਾ ਬੋਲੇ ਤਾਂ ਤੁਹਾਡੀਆਂ ਰੀਝਾਂ, ਸੱਧਰਾਂ ਤਾਉਮਰ ਲਈ ਮਰ ਜਾਣਗੀਆਂ। ਤੁਹਾਨੂੰ ਜ਼ਮਾਨੇ ਦੇ ਹਾਣਦੀਆਂ ਹੋਣ ਲਈ ਕੁਝ ਅਲੱਗ ਰਸਤਿਆਂ ਨੂੰ ਚੁਣ ਆਪਣੀ ਮੰਜ਼ਿਲ ਆਪ ਲੱਭਣੀ ਪਵੇਗੀ। ਕਿਉਂ ਜੋ ਸਾਡੇ ਸਮਾਜ ਦੀ ਅੱਜ ਵੀ ਇਹ ਤ੍ਰਾਸਦੀ ਹੈ ਕਿ ਮੁੰਡੇ ਕੁੜੀਆਂ ਦਾ ਫ਼ਰਕ, ਕੁੜੀਆਂ ਦੀ ਉਚੇਰੀ ਸਿੱਖਿਆ ਅਤੇ ਕੁੜੀਆਂ ਨੂੰ ਸੰਸਾਰ ਦੀਆਂ ਫੋਕੀਆਂ ਰੀਤਾਂ ਅੱਗੇ ਝੁਕ ਆਪਣੇ ਪਹੁ-ਫੁਟ ਰਹੇ ਸੁਪਨਿਆਂ ਦੀ ਕੁਰਬਾਨੀ ਦੇਣੀ ਪੈਂਦੀ ਹੈ।"

# ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿਸਟਰਡ ਵਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਨੂੰ ਪੱਤਰ

ਜਲੰਧਰ: 7 ਜੁਲਾਈ- ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿਸਟਰਡ ਵਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਪੰਜਾਬ ਵਿੱਚ ਲਾਇਬਰੇਰੀਆਂ ਦੀ ਖਸਤਾ ਹਾਲਤ ਨੂੰ ਸੁਧਾਰਨ ਲਈ "ਜਨਤਕ ਲਾਇਬਰੇਰੀ ਕਾਨੂੰਨ" ਬਣਾਇਆ ਜਾਵੇ।

'ਕੇਂਦਰੀ ਸਭਾ 'ਦੇ ਪ੍ਰਧਾਨ ਪਵਨ ਹਰਚੰਦਪੁਰੀ ਜਨਰਲ- ਸਕੱਤਰ ਪ੍ਰੋਫੈਸਰ ਸੰਧੂ ਵਰਿਆਣਵੀ ਨੇ ਪੱਤਰ ਵਿੱਚ ਲਿਖਿਆ ਹੈ ਕਿ ਪੰਜਾਬ ਵਿੱਚ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਸਮੇਤ 15 ਸਰਕਾਰੀ ਜ਼ਿਲ੍ਹਾ ਲਾਇਬ੍ਰੇਰੀਆਂ ਹਨ। ਪਰ ਇਨ੍ਹਾਂ ਸਾਰੀਆਂ ਵਿੱਚ ਨਾ ਲੋੜੀਂਦਾ ਸਟਾਫ਼ ਹੈ ਅਤੇ ਨਾ ਹੀ ਸਹੂਲਤਾਂ। ਲੱਖਾਂ ਦੀ ਗਿਣਤੀ ਵਿੱਚ ਪਈਆਂ, ਵਧੀਆ ਤੋਂ ਵਧੀਆ ਕਿਤਾਬਾਂ ਗਲ-ਸੜ ਰਹੀਆਂ ਹਨ।

-ਪੰਜਾਬ ਵਿੱਚ ਲਾਇਬ੍ਰੇਰੀਅਨਾਂ ਦੀਆਂ 99 ਮਨਜ਼ੂਰਸ਼ੁਦਾ ਅਸਾਮੀਆਂ ਹਨ। ਪਰ 1998 ਤੋਂ ਬਾਅਦ ਕੋਈ ਭਰਤੀ ਨਹੀਂ ਕੀਤੀ ਗਈ।

-ਪੰਜਾਬ ਦੇ 48 ਸਰਕਾਰੀ ਕਾਲਜਾਂ ਵਿੱਚੋਂ 34 ਕਾਲਜਾਂ ਵਿੱਚ ਲਾਇਬ੍ਰੇਰੀਆਂ ਨਹੀਂ ਹਨ। ਕੁਝ ਸਰਕਾਰੀ ਕਾਲਜਾਂ ਵਿੱਚ ਲਾਇਬ੍ਰੇਰੀਆਂ ਤਾਂ ਹਨ, ਪਰ ਰੱਖ ਰਖਾਓ ਲਈ ਸਟਾਫ਼ ਨਹੀਂ ਹੈ ਅਤੇ ਨਵੀਆਂ ਕਿਤਾਬਾਂ ਖ਼ਰੀਦਣ ਲਈ ਫੰਡ ਵੀ ਨਹੀਂ ਹਨ।

-ਪੰਜਾਬ ਵਿੱਚ ਲਗਭਗ 100 ਨਗਰ ਪਾਲਿਕਾਵਾਂ ਵੱਲੋਂ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਗਈਆਂ ਹਨ, ਪਰ ਇਹ ਸਿਰਫ਼ ਅਖ਼ਬਾਰਾਂ ਪੜ੍ਹਨ ਤੱਕ ਹੀ ਸੀਮਤ ਹਨ। ਨਵੀਆਂ ਕਿਤਾਬਾਂ ਦੀ ਅਣਹੋਂਦ ਕਾਰਨ ਸਾਹਿਤ ਦੇ ਪਾਠਕਾਂ ਦਾ ਆਉਣਾ ਲਗਭਗ ਬੰਦ ਹੈ।

-2019 ਦੀ ਇਕ ਰਿਪੋਰਟ ਅਨੁਸਾਰ ਵੱਖ-ਵੱਖ ਜ਼ਿਲ੍ਹਾ ਲਾਇਬ੍ਰੇਰੀਆਂ ਨਾਲ ਪੰਜਾਬ ਭਰ ਵਿੱਚੋਂ ਲਗਭਗ 64 ਹਜ਼ਾਰ ਮੈਂਬਰ ਜੁੜੇ ਹੋਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 14123 ਮੈਂਬਰ ਗੁਰੂ ਨਾਨਕ ਜ਼ਿਲ੍ਹਾ ਲਾਇਬ੍ਰੇਰੀ ਜਲੰਧਰ ਨਾਲ ਜੁੜੇ ਹੋਏ ਹਨ। ਪਰ ਇਹ ਲਾਇਬ੍ਰੇਰੀ ਖ਼ਸਤਾ ਹਾਲਤ ਵਿੱਚ ਹੈ ਅਤੇ ਲਗਭਗ ਬੰਦ ਪਈ ਹੈ।

-ਦੇਸ਼ ਦੇ 22 ਸੂਬੇ "ਜਨਤਕ ਲਾਇਬ੍ਰੇਰੀ ਕਾਨੂੰਨ" ਬਣਾ ਚੁੱਕੇ ਹਨ। ਪਰ ਪੰਜਾਬ ਸਰਕਾਰ ਨੇ ਪਿਛਲੇ ਲੰਬੇ ਸਮੇਂ ਤੋਂ ਕਦੇ ਵੀ ਇਸ ਲੋੜ ਪ੍ਰਤੀ ਗੰਭੀਰਤਾ ਨਹੀਂ ਦਿਖਾਈ। ਸਿਰਫ਼ 2011 ਵਿੱਚ ਇਕ ਬਿੱਲ ਤਿਆਰ ਕੀਤਾ ਗਿਆ ਸੀ,ਪਰ ਉਹ ਵੀ ਵਿਧਾਨ ਸਭਾ ਵਿੱਚ ਪੇਸ਼ ਨਾ ਕੀਤਾ ਗਿਆ।

-ਇਸ ਬਿੱਲ ਵਿੱਚ ਮੱਦ ਰੱਖੀ ਗਈ ਸੀ ਕਿ ਸੂਬਾ ਸਰਕਾਰ ਲਾਇਬ੍ਰੇਰੀਆਂ ਲਈ ਵੱਖਰਾ "ਜਨਤਕ ਲਾਇਬ੍ਰੇਰੀ ਫੰਡ" ਸਥਾਪਿਤ ਕਰੇਗੀ। ਨੈਸ਼ਨਲ ਲਿਟਰੇਸੀ ਮਿਸ਼ਨ, ਸਰਬ ਸਿੱਖਿਆ ਅਭਿਆਨ, ਐਮ.ਪੀ.ਲੈਂਡ ਫੰਡ, ਰਾਜਾ ਰਾਮ ਮੋਹਨ ਰਾਏ ਲਾਇਬ੍ਰੇਰੀ ਫਾਊਂਡੇਸ਼ਨ ਕੋਲਕਾਤਾ ਆਦਿ ਤੋਂ ਵੀ ਗਰਾਂਟਾਂ ਲਈਆਂ ਜਾਣਗੀਆਂ। ਇਸ ਬਿੱਲ ਵਿੱਚ ਵੱਖਰਾ "ਜਨਤਕ ਲਾਇਬ੍ਰੇਰੀ ਡਾਇਰੈਕਟੋਰੇਟ" ਸਥਾਪਿਤ ਕਰਨ ਦੀ ਮੱਦ ਵੀ ਪਾਈ ਗਈ ਸੀ। ਬਿੱਲ ਦਾ ਉਹ ਖਰੜਾ ਉਚੇਰੀ ਸਿੱਖਿਆ ਵਿਭਾਗ ਜਾਂ ਡੀ.ਪੀ.ਆਈ. ਕਾਲਜਿਜ਼ ਕੋਲ ਪਿਆ ਹੋ ਸਕਦਾ ਹੈ।

ਪ੍ਰੋਫੈਸਰ ਸੰਧੂ ਵਰਿਆਣਵੀ ਨੇ ਕਿਹਾ ਕਿ ਉਸ ਬਿੱਲ ਉੱਤੇ ਨਜ਼ਰਸਾਨੀ ਕਰਕੇ ਸਮੇਂ ਦੀ ਲੋੜ ਅਨੁਸਾਰ ਮਾਹਿਰਾਂ ਨਾਲ ਵਿਚਾਰ- ਵਟਾਂਦਰਾ ਕਰਕੇ "ਨਵਾਂ ਜਨਤਕ ਲਾਇਬ੍ਰੇਰੀ ਕਾਨੂੰਨ" ਬਣਾਇਆ ਜਾਵੇ,ਜਿਸ ਵਿਚ ਪਿੰਡਾਂ ਵਿਚਲੀਆਂ ਲਾਇਬ੍ਰੇਰੀਆਂ ਨੂੰ ਸਹਿਕਾਰਤਾ ਵਿਭਾਗ ਨਾਲ ਜੋੜਨ ਦੀ ਮੱਦ ਸ਼ਾਮਿਲ ਕਰਕੇ ਪੁਸਤਕ- ਸਭਿਆਚਾਰ ਵਿਕਸਤ ਕਰਨ ਵਲ ਵੀ ਵਧਿਆ ਜਾ ਸਕਦਾ ਹੈ। ਇਸ ਕਾਰਜ ਰਾਹੀਂ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਅਤੇ ਸਮਕਾਲੀ ਸਾਹਿਤ ਨਾਲ ਜੁੜਨ ਦਾ ਅਤੇ ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰਨ ਦਾ ਵੱਡਮੁਲਾ ਮੌਕਾ ਮਿਲੇਗਾ।

-ਨਿਰਸੰਦੇਹ ਅਜਿਹੇ ਕਾਰਜਾਂ ਨਾਲ ਨਾ ਸਿਰਫ ਚੰਗਾ ਸਾਹਿਤ ਪਾਠਕਾਂ ਤੱਕ ਪਹੁੰਚ ਸਕੇਗਾ ਸਗੋਂ ਨਵੀਂ ਪੀੜ੍ਹੀ ਨੂੰ ਵੀਂ ਨਸ਼ਿਆਂ ਤੋਂ ਵੀ ਦੂਰ ਰੱਖਣ ਦੀ ਪਹਿਲ ਹੋ ਸਕੇਗੀ ।

ਉਨਾਂ ਇਹ ਵੀ ਕਿਹਾ ਕਿ ਸਰਕਾਰੀ ਲਾਇਬ੍ਰੇਰੀਆਂ ਵਿੱਚ ਲੋੜੀਂਦਾ ਸਟਾਫ ਭਰਤੀ ਕੀਤਾ ਜਾਵੇ ਅਤੇ ਨਵੀਆਂ ਕਿਤਾਬਾਂ ਖਰੀਦਣ ਲਈ ਫੰਡ ਮੁਹੱਈਆ ਕੀਤੇ ਜਾਣ।

ਸਮੂਹਦੇਦਾਰਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਆਪਣੇ ਆਪਣੇ ਪੱਧਰ ਦੇ ਉੱਤੇ ਇਸ ਖ਼ਬਰ ਨੂੰ ਆਪਣੇ ਸਥਾਨਕ ਪੱਤਰਕਾਰਾਂ ਰਾਹੀਂ ਅਖ਼ਬਾਰਾਂ ਨੂੰ ਭੇਜਣ ਤਾਂ ਜੋ ਇਸ ਪੱਤਰ ਦਾ ਪ੍ਰਚਾਰ ਪ੍ਰਸਾਰ ਆਮ ਸ਼ਹਿਰੀਆਂ ਤੱਕ ਹੋ ਸਕੇਲ